**Eschborn**
**23.08.2004**

ਪ੍ਰਮ ਸਤਿਕਾਰਯੋਗ ਜਥੇਦਾਰ ਬੱਬਰ ਖਾਲਸਾ ਇੰਟਰਨੈਸ਼ਨਲ ਜਰਮਨੀ ਭਾਈ ਰੇਸ਼ਮ ਸਿੰਘ ਜੀਓ,
ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਜਥੇਦਾਰ ਜੀਓ, ਤਕਰੀਬਨ ਡੇਢ ਕੁ ਸਾਲ ਪਹਿਲੋਂ ਜਦ ਰੀੜ੍ਹ ਦੀ ਹੱਡੀ ਦੇ ਦੋ ਉਪਰੋਂਥਲੀ ਉਪ੍ਰੇਸ਼ਨ ਹੋਣ ਦੇ ਬਾਵਯੂਦ ਵੀ ਸਿਹਤ ਵਿਚ ਸੁਧਾਰ ਦੀ ਬਜਾਏ ਹੋਰ ਵੀ ਖਰਾਬ ਹੋਈ ਅਤੇ ਆਪਜੀ ਵਲੋਂ ਗੁਰੂ ਦੀ ਹਜੂਰੀ ਵਿਚ ਕਿਥੋਂ ਕੁ ਤੱਕ ਸੇਵਾ ਕਰ ਸਕਣ ਵਾਰੇ ਪੁੱਛਿਆ ਗਿਆ ਸੀ ਤਾਂ ਦਾਸ ਦਾ ਉਤਰ ਸੀ ਕਿ ਇਸ ਸਮੇਂ ਦਾਸ ਲਈ ਆਪਣੇ ਜਿਸਮ ਦਾ ਭਾਰ ਹੀ ਚੁੱਕ ਸਕਣਾਂ ਮੁਸ਼ਕਿਲ ਹੋਇਆ ਪਿਆ ਹੈ। ਇਸ ਲਈ ਜਥੇਬੰਦਕ ਤੌਰ ਤੇ ਕਿਸੇ ਵੀ ਜ਼ਿਮੇਵਾਰੀ ਨੂੰ ਨਿਭਾ ਸਕਣ ਤੋਂ ਅਸਮ੍ਰੱਥ ਹਾਂ। ਹਾਂ, ਜੇ ਪੰਥ ਦੀ ਆਜਾਦੀ ਲਈ ਕੋਈ ਕੁਰਬਾਨੀ ਦੇਣ ਲਈ ਦੁਸ਼ਮਣ ਤਖਤ ਅੱਗੇ ਅਡੋਲ ਖੜ੍ਹ ਜਾਵੇਗਾ ਤਾਂ ਦਾਸ ਕੁਰਬਾਨੀ ਲਈ ਜੇ ਉਸ ਦੇ ਨਾਲ ਤੁਰਕੇ ਨਾ ਆ ਸਕਿਆ ਤਾਂ ਉਸ ਦੇ ਮਗਰ ਚੱਲਕੇ ਜਰੂਰ ਆ ਜਾਵੇਗਾ।

ਪਿਛਲੇ ਕੁਝ ਮਹੀਨਿਆਂ ਤੋਂ ਜਦ ਸੇਹਤ ਵਿਚ ਅਤਿ ਦਾ ਨਿਘਾਰ ਸ਼ੁਰੂ ਹੋਇਆ ਅਤੇ ਕਾਰਣ ਜਾਨਣਾਂ ਚਾਹਿਆ ਤਾਂ ਮੈਡੀਕਲ ਰਿਪੋਰਟਾਂ ਨੇ ਵੀ ਇਹ ਜਾਹਰ ਕਰ ਦਿੱਤਾ ਕਿ ਦੋ ਅਪ੍ਰੇਸ਼ਨਾਂ ਮਗਰੋਂ ਹੁਣ ਤੱਕ, ਰੀੜ੍ਹ ਦੀ ਹੱਡੀ ਵਿਚ ਨੁਕਸ ਵਧੇ ਨੇ, ਜੋ ਇਸ ਵਧੇ ਦੁਖ ਦਰਦ ਦਾ ਕਾਰਣ ਨੇ ਤਾਂ ਜਥੇਬੰਦੀ ਨੂੰ ਸੂਚਿਤ ਕਰ ਦਿੱਤਾ ਗਿਆ ਸੀ ਕਿ ਦਾਸ ਨਾ ਮਾਨਸਿਕ ਅਤੇ ਨਾ ਸਰੀਰਕ ਤੌਰ ਉਤੇ ਹੁਣ ਇਸ ਸਥਿਤੀ ਵਿਚ ਹੈ ਕਿ ਹੁਣ ਤੱਕ ਦੀ ਇਮਾਨਦਾਰੀ ਨਾਲ ਆਪਣੀ ਜ਼ਿਮੇਵਾਰੀ ਨੂੰ ਨਿਭਾਅ ਸਕੇ ਅਤੇ ਇਹ ਵੀ ਕਿ ਦਾਸ ਲਈ ਕਿਹੜੇ ਕਾਰਜ ਕਰਨੇ ਵਾਲੇ ਜਰੂਰੀ ਨੇ ਅਤੇ ਇਨਾਂ ਦਾ ਨਬੇੜਾ ਹੁੰਦਿਆਂ ਹੀ ਰਸਮੀ ਤੌਰ ਉਤੇ ਲਿਖਤੀ ਅਸਤੀਫਾ ਹੈ।

ਸੋ ਜਥੇਦਾਰ ਜੀ ਇਸ ਖਤ ਦੁਅਰਾ ਲਿਖਤੀ ਤੌਰ ਉਤੇ ਬੱਬਰ ਖਾਲਸਾ ਇੰਟਰਨੈਸ਼ਨਲ ਜਰਮਨੀ ਦੇ ਪ੍ਰੈਸ ਸਕੱਤ੍ਰ ਦੇ ਅਹੁਦੇ ਤੋਂ ਅਸਤੀਫੇ ਨਾਲ ਜਥੇਬੰਦੀ ਦੀ ਕਿਸੇ ਵੀ ਤਰਾਂ ਦੀ ਜ਼ਿਮੇਵਾਰੀ ਤੋਂ ਮੁਕਤ ਹੁੰਦਾ ਹਾਂ।

ਦਾਸ ਸਿਰਜਣਹਾਰ ਅਕਾਲ ਪੁਰਖ ਪ੍ਰਮਾਤਮਾਂ ਦਾ ਅਣਗਿਣਤ ਵਾਰ ਲੱਖ ਲੱਖ ਸ਼ੁਕਰਗੁਜ਼ਾਰ ਹੈ ਜੋ ਉਸ ਵੱਲੋਂ ਜਿੱਥੇ ਸ਼ਹੀਦਾਂ ਦੇ ਨਾਮ ਤੇ ਉਸਰੀ ਜਥੇਬੰਦੀ ਵਿਚ ਹੁਣ ਤੱਕ ਉਸ ਨੂੰ ਜਰੂਰੀ ਭਾਸੀ ਤਿਲਫੁਲ, ਪਰ ਨਿਰਸਵਾਰਥ ਅਤੇ ਨਿੱਜ ਨੂੰ ਭੁਲਾਕੇ ਸੇਵਾ ਲਈ ਗਈ ਹੈ ਉਥੇ ਉਸ ਵਲੋਂ ਆਪਣੇ ਬ੍ਰਹਮ ਗਿਆਨ ਦੇ ਸਮੁੰਦਰ ਵਿਚੋਂ ਇਸ ਪਪੀਹੇ ਨੂੰ ਕਿਸੇ ਨਾ ਕਿਸੇ ਬੂੰਦ ਦਾ ਕੋਈ ਕਣ ਵੀ ਨਸੀਬ ਕੀਤਾ ਹੈ ਜਿਸ ਕਣ ਨੇ ਇਸ ਗੈਰ ਸਿਖ ਦੇ ਜੇ ਇਸ ਜਨਮ ਨਹੀਂ ਤਾਂ ਅਗਲੇ ਜਨਮ ਜਰੂਰ ਰਸਮੀ ਤੌਰ ਤੇ ਬਣਨ ਵਾਲੇ ਆਪਣੇ ਸਿਖ ਧਰਮ ਵਿਚ ਪ੍ਰਪੱਕਤਾ, ਅਡੋਲਤਾ ਅਤੇ ਵਿਸ਼ਵਾਸ ਨੂੰ ਇਥੋਂ ਤੱਕ ਦਰਿੜ ਕਰਵਾ ਦਿੱਤਾ ਹੈ ਕਿ ਹੁਣ ਇਸ ਨੂੰ ਗੁਰੂ ਆਸਰੇ ਕੋਈ ਸੰਨ੍ਹ ਨਹੀਂ ਲਾ ਸਕਦਾ, ਕੋਈ ਚੁਰਾ ਨਹੀਂ ਸਕਦਾ। ਹਾਂ ਜਿਸ ਨੂੰ ਸਿਰਫ ਕੋਈ ਗੁਰਸਿਖ, ਗੁਰਮੁਖ ਪਿਆਰਾ ਗਰਬਾਣੀ, ਗੁਰ ਇਤਿਹਾਸ ਅਤੇ ਸਿਖ ਇਤਿਹਾਸ ਦੇ ਆਧਾਰ ਉਤੇ ਹੀ ਮਨ ਨੂੰ ਭਾਅ ਗਈ ਦਲੀਲ ਦੀ ਕੁੰਜੀ ਨਾਲ ਤਬਦੀਲ ਕਰ ਦੇਣ ਦਾ ਅਧਿਕਾਰੀ ਹੈ। ਦਾਸ ਦੀ ਜਾਚੇ ਹੁਣ ਸਿਰਫ ਦੋ ਜਰੂਰੀ ਵਿਸ਼ੇ ਹੀ ਰਹਿ ਗਏ ਨੇ ਜਿਨਾਂ ਨੂੰ ਗੁਰਬਾਣੀ ਅਨੁਸਾਰ ਸਰਲ ਲਫਜ਼ਾਂ ਵਿਚ ਕਲਮਬੰਦ ਕਰਕੇ ਸਿਖ ਸਮਾਜ ਅਤੇ ਵਿਸ਼ਵਭਾਈਚਾਰੇ ਅੱਗੇ ਰੱਖਣਾਂ ਬਾਕੀ ਹੈ।

ਦਾਸ ਸਭ ਸਮਰਥ ਸਿਰਜਣਹਾਰ ਅਕਾਲ ਪੁਰਖ ਪ੍ਰਮਾਤਮਾਂ ਦਾ ਅਣਗਿਣਤ ਵਾਰ ਲੱਖ ਸ਼ੁਕਰਗੁਜ਼ਾਰ ਹੈ ਜੋ ਉਸ ਵੱਲੋਂ ਅੱਜ ਇਸ ਅਸਤੀਫੇ ਤੋਂ ਪਹਿਲੇ ਪਹਿਲੇ ਉਹ ਸਭ ਵੀ ਆਪ ਕਰ ਵਿਖਾਇਆ ਹੈ ਜਿਸ ਨੂੰ ਜਰੂਰੀ ਕਰਨ ਦੀ ਕਦੇ ਇਸ ਮਨ ਨੇ ਤਮੰਨਾਂ ਕੀਤੀ ਸੀ, ਪਰ ਨਹੀਂ ਕਰ ਸਕਿਆ ਸਾਂ, ਜਾਂ ਜਿਸ ਨੂੰ ਸਿਰਫ ਸਿਰਜਣਹਾਰ ਆਪ ਹੀ ਕਰ ਸਕਦਾ ਸੀ। ਇਸ ਤਰਾਂ ਹੁਣ ਉਸ ਵੱਲੋਂ ਕੋਈ ਉਹ ਸ਼ੰਕਾਂ, ਕੋਈ ਉਹ ਦੁਬਦਾ ਵੀ ਨਹੀਂ ਰਹਿਣ ਦਿੱਤੀ ਜਿਨਾਂ ਵਾਰੇ ਆਪਣੇ ਨਿਰਮਲੇ ਸੰਤ ਪ੍ਰਵਾਰਾਂ ਵਿਚ ਅਤੇ ਉਸ ਸਮਾਜ ਵਿਚ ਜਿਥੇ ਇਹ ਗੁਰਬਾਣੀ ਦਾ ਪ੍ਰਚਾਰ ਕਰਦੇ ਸਨ, ਕਦੇ ਸੁਣਿਆਂ ਤੱਕ ਨਹੀ ਸੀ ਅਤੇ ਜਿਨਾਂ ਵਾਰੇ ਜੂਨ ਚੌਰਾਸੀ ਦੇ ਸ੍ਰੀ ਹਰਿਮੰਦਰ ਸਾਹਿਬ ਉਤੇ ਭਾਰਤ ਦੇ ਅਕ੍ਰਿਤਘਣ ਹਾਕਮਾਂ ਦੇ ਬੋਲੇ ਫੌਜੀ ਧਾਵੇ ਨਾਲ ਵੱਜੇ ਤੀਰ ਦੇ ਅਸਿਹ ਦਰਦ ਚੋਂ ਜਾਗੇ ਰੋਸ ਨਾਲ ਸਿਖ ਕੌਮ ਕੋਲ ਕੁਰਬਾਨੀ ਲਈ ਆ ਜਾਣ ਮਗਰੋਂ ਹੀ ਸੁਣਿਆਂ ਸੀ। ਹੁਣ ਸਭ ਸਮਰਥ ਸਿਰਜਣਹਾਰ ਅਕਾਲ ਪੁਰਖ ਪ੍ਰਮਾਤਮਾਂ ਨੇ ਇਹ ਨਹੀਂ ਰਹਿਣ ਦਿੱਤਾ ਕਿ ਇਹ ਨਹੀਂ ਹੋ ਸਕਿਆ, ਇਹ ਨਹੀਂ ਹੋ ਸਕਿਆ, ਸਗੋਂ ਅੱਜ ਆਪਣੀ ਨੇੜਤਾ ਨਾਲ ਗੁਰਬਾਣੀਂ ਦਾ ਲੋੜੀਂਦਾ ਅਦੁੱਤੀ ਸੁੱਖ ਪ੍ਰਦਾਨ ਕਰ ਰਿਹਾ ਹੈ।

ਦਾਸ ਆਪਜੀ ਅਤੇ ਜਥੇਬੰਦੀ ਦੇ ਹੋਰ ਸਿੰਘਾਂ ਵਿਚ ਇਨਾਂ ਗੁਣਾਂ ਦੇ ਹੋਣ ਦੀ ਭਰਭੂਰ ਸ਼ਲਾਘਾ ਕਰਦਾ ਹੈ ਅਤੇ ਰਿਣੀਂ ਹੈ ਕਿ ਆਪਜੀ ਵੱਲੋਂ ਜਾਂ ਹੋਰ ਸਿੰਘਾਂ ਵੱਲੋਂ ਕਿਸੇ ਨਾਂ ਕਿਸੇ ਵਿਸ਼ੇ ਉਤੇ ਦਾਸ ਦੇ ਵੱਖਰੇ ਵਿਚਾਰ ਹੋਣੇ ਜਾਣਦਿਆਂ ਹੋਇਆਂ ਵੀ, ਸੁਣਦਿਆਂ ਹੋਇਆਂ ਵੀ ਇਨਾਂ ਨੂੰ ਬਦਲਣ ਲਈ ਮਜਬੂਰ ਕਰਨਾਂ ਤਾਂ ਦੂਰ, ਇਥੋਂ ਤੱਕ ਕਿ ਇਨਾਂ ਵੱਖਰੇ ਵਿਚਾਰਾਂ ਕਰਕੇ

ਆਪਜੀ ਜਾਂ ਕਿਸੇ ਹੋਰ ਸਿੰਘ ਵੱਲੋਂ ਦਾਸ ਨੂੰ ਕਦੇ ਵੀ ਕਿਸੇ ਤਰਾਂ ਦੀ ਨਫਰਤ ਦਾ, ਗੈਰ ਹੋਣ ਦਾ, ਗੈਰ ਸਿਖ ਹੋਣ ਦਾ ਜਾਂ ਕਿਸੇ ਤਰਾਂ ਦੀ ਮਾੜੀ ਭਾਵਨਾ ਦਾ ਕਦੇ ਕੋਈ ਅਹਿਸਾਸ ਨਹੀਂ ਹੋਣ ਦਿੱਤਾ ਸਗੋਂ ਇਸ ਗੈਰ ਸਿਖ ਨੂੰ ਆਪਣੇ ਪ੍ਰਵਾਰ ਦੇ ਮੈਂਬਰ ਹੋਣ ਦਾ ਹਮੇਸ਼ਾਂ ਅਹਿਸਾਸ ਕਰਵਾਇਆ ਅਤੇ ਅਤਿ ਦਾ ਮਾਣ ਸਤਿਕਾਰ ਦਿੱਤਾ ਹੈ।

ਦਾਸ ਲਈ ਉਦ ਤੱਕ ਸਿਖ ਸੂਰੇ ਨੇ, ਬਹਾਦਰ ਨੇ ਜਦ ਤੱਕ ਕਿਸੇ ਵਿਸ਼ੇ ਉਤੇ ਚਲੀਆਂ ਆ ਰਹੀਆਂ ਦੋ ਰਾਵਾਂ ਚੋਂ ਇਕ ਸੱਚ ਸਥਾਪਤ ਕਰਨ ਲਈ, ਇਹ ਸ਼ਾਂਤਮਈ ਵਿਚਾਰ ਕਰਦੇ ਨੇ ਅਤੇ ਜਦ ਤੱਕ ਇਹ ਸੱਭੇ ਇਕ ਸੱਚ ਮੁਕਰਰ ਨਹੀਂ ਕਰ ਲੈਂਦੇ, ਕੋਈ ਇਕ ਦੂਜੇ ਉਤੇ ਆਪਣੀ ਰਾਏ ਦੀ ਜਬਰੀਂ ਸਰਦਾਰੀ ਲਈ ਆਪਣੇ ਆਪਨੂੰ ਮੂਰਖਾਂ, ਚੋਰਾਂ, ਹਰਾਮਖੋਰਾਂ, ਜ਼ੋਰ ਨੂੰ ਅਮਰ ਕਰ ਜਾਣ ਵਾਲੇ ਹਤਿਆਰਿਆਂ, ਪਾਪੀਆਂ, ਮਲੇਸ਼ਾਂ ਦੀ ਕਤਾਰ ਵਿਚ ਨਹੀਂ ਖੜ੍ਹਾ ਕਰ ਲੈਂਦਾ।

ਦਾਸ ਜਥੇਬੰਦੀ ਦੇ ਅਤਿ ਬਫਾਦਾਰ ਅਤੇ ਉਦਮੀ ਸਿੰਘਾਂ ਭਾਈ ਰਜਿੰਦਰ ਸਿੰਘ, ਭਾਈ ਬਲਵਿੰਦਰ ਸਿੰਘ ਅਤੇ ਹੋਰ ਸਮੂਹ ਸਿੰਘਾਂ ਦਾ, ਜਿਨਾਂ ਦੀ ਬਦੌਲਤ ਗੁਰੂ ਆਸਰੇ ਤੁਛ ਜਹੀ ਬੁਧੀ ਮੁਤਾਬਕ ਪੰਜਾਬੀ ਭਾਸ਼ਾ ਵਿਚ ਅਤੇ ਆਪਣੇ ਜੀਵਨਸਾਥੀ ਦਾ, ਜਿਸ ਦੀ ਬਦੌਲਤ ਜਰਮਨ ਭਾਸ਼ਾ ਵਿਚ, ਕਦੇ ਨਾਂ ਕਦੇ ਆਪਣੇ ਬਣਨ ਵਾਲੇ ਸਿਖ ਧਰਮ ਅਤੇ ਕੌਮ ਲਈ ਤਿਲਫੁਲ ਸੇਵਾ ਸੰਭਵ ਹੋਈ ਹੈ, ਦਾ ਦਿਲੋਂ ਧੰਨਵਾਦੀ ਹਾਂ ਅਤੇ ਅਣਜਾਣੇ ਕਿਸੇ ਪ੍ਰਾਣੀ ਦਾ ਅਨਿਆਈ ਦਿਲ ਦੁਖਾ ਗਿਆ ਹੋਵਾਂ ਤਾਂ ਖਿਮਾਂ ਚਾਹੁੰਦਾ ਹਾਂ।

ਗੁਰੂ ਫੁਰਮਾਨ ਹੈ "ਚੰਗਾ ਨਾਉ ਰਖਾਇਕੈ ਜਸੁ ਕੀਰਤਿ ਜਗਿ ਲੇਇ॥
ਜੇ ਤਿਸੁ ਨਦਰਿ ਨ ਆਵਈ ਤ ਵਾਤ ਨਾ ਪੁਛੈ ਕੇ॥"

ਅੱਜ ਕੌਮ ਵਿਚ ਹਰ ਪਾਸੇ ਮੈਂ ਮੇਰੀ ਅਤੇ ਮੇਰਾ ਧੜਾ ਹੈ। ਹਰ ਕੋਈ ਆਪਣੇ ਜਾਂ ਆਪਣੇ ਧੜੇ ਦੇ ਸਾਥੀ ਦੇ ਗਿਰਵਾਨ ਵਿਚ ਝਾਕਣ ਦੀ ਬਜਾਏ ਸਿਰਫ ਦੂਜੇ ਥੜੇ ਵੱਲੋਂ ਕਿਹਾ ਜਾਂ ਕੀਤਾ ਹੀ ਮਾੜਾ ਮਹਿਸੂਸ ਕਰ ਰਿਹਾ ਹੈ, ਚਿਤਾਰ ਰਿਹਾ ਹੈ। ਪ੍ਰਮਾਤਮਾਂ ਅਤੇ ਪ੍ਰਮਾਤਮਾਂ ਦੀ ਮੌਜ ਤੇ ਪ੍ਰਗਟੇ ਸਿਖ ਧਰਮ ਦਾ ਦੂਜਾ ਨਾਮ ਸੱਚ ਹੈ। ਸੱਚ ਇਕ ਹੀ ਹੋਇਆ ਕਰਦਾ ਹੈ ਜਿਸ ਵਿਚ ਜਾਂ ਦੀ ਗੁੰਜਾਇਸ਼ ਨਹੀਂ ਹੈ। ਅੱਜ ਕਿਸੇ ਵਿਸ਼ੇ ਉਤੇ ਬਹਿਸ ਦੋ ਰਾਵਾਂ ਚੋਂ ਇਕ ਸੱਚ ਮੁਕਰਰ ਕਰਕੇ, ਉਸ ਉਤੇ ਸਮੁਚੀ ਕੌਮ ਦੇ ਪਹਿਰੇ ਲਈ ਨਹੀਂ, ਸਗੋਂ ਆਪਣੇ ਆਪਣੇ ਮੁਕਰਰ ਕੀਤੇ ਸੱਚ ਨੂੰ ਡਿਫੈਂਸ ਕਰੀ ਰੱਖਣ ਲਈ ਹੈ। ਸਿਖ ਕੌਮ ਵੱਲੋਂ ਹੀ ਆਪਣੇ ਸਿਖ ਧਰਮ ਅਤੇ ਕੌਮ ਦੇ ਇਕ ਨਿਆਰੇਪਨ ਨੂੰ ਖਤਮ ਕਰਦਿਆਂ ਆਪਣੇ ਧਰਮ ਅਤੇ ਕੌਮ ਦੀ ਢਹਿੰਦੀ ਕਲਾ ਦਾ ਨੀਹੑ ਪੱਥਰ ਦਾਸ ਦੀ ਜਾਚੇ ਉਸ ਦਿਨ ਰਹਿਤ ਮਰਯਾਦਾ ਦੇ ਨਾਮ ਉਤੇ ਕੁਆਲਟੀ ਦੀ ਥਾਂ ਕੁਅੰਟਟੀ ਨੂੰ ਮੁੱਖ ਰੱਖਦਿਆਂ ਧਰ ਦਿੱਤਾ ਗਿਆ ਸੀ ਜਦੋਂ ਆਮ ਅਵਸਥਾ ਵਿਚ ਮਾਸ ਖਾਣ ਜਾਂ ਨਾ ਖਾਣ ਦੀਆਂ ਦੋ ਰੀਤਾਂ ਨੂੰ ਚਾਲੂ ਕਰ ਦਿੱਤਾ ਗਿਆ ਸੀ ਅਤੇ ਅੱਜ ਕੌਮ ਵਿਚ ਆਏ ਢਹਿੰਦੀ ਕਲਾ ਦੇ ਨਿਘਾਰ ਦੀ ਸਿਖਰ ਸੀਮਾਂ, ਇਨਾਂ ਦੋ ਉਦਾਹਰਣਾਂ ਤੋਂ ਹੀ ਵੇਖ ਸਕਦੇ ਹਾਂ:

**1)** ਗੁਰੂ ਦਾ ਕਿੰਨਾਂ ਪਿਆਰਾ ਅਤੇ ਸਰਲ ਬਚਨ ਹੈ ਆਪਣੇ ਸਿਖ ਲਈ, ਉਸ ਦੀਆਂ ਲੱਖ ਖੁਸ਼ੀਆਂ, ਪਾਤਸ਼ਾਹੀਆਂ, ਰਹਿਮਤਾਂ, ਸ਼ਕਤੀਆਂ ਦੀ ਬਖਸ਼ਿਸ਼ਾਂ ਦੇ ਬਾਦਸ਼ਾਹ ਹੋਣ ਲਈ ਅਤੇ ਬੜੀ ਉਚੀ ਨਸੀਅਤ ਇਨਾਂ ਤੋਂ ਵਾਂਝੇ ਹੋ ਜਾਣ ਦੀ ਕਿ ਐ ਮੇਰੇ ਪੰਥ, ਐ ਮੇਰੀ ਜਿੰਦ ਜਾਨ, ਆਨ ਸ਼ਾਨ, ਐ ਮੇਰੇ ਰੂਪ ਖਾਲਸੇ, ਐ ਮੇਰੇ ਸਿੰਘੋ, ਜਦ ਤੱਕ ਤੁਸੀ ਨਿਆਰੇ ਰਹੋਗੇ, ਤੁਸੀਂ ਮੇਰੇ ਹਰ ਤੇਜ ਪ੍ਰਤਾਪ, ਭਾਵ ਸ਼ਕਤੀਆਂ, ਭਾਵ ਪੰਥ ਲਈ ਚੜ੍ਹਦੀ ਕਲਾ ਦੀ ਬਖਸ਼ਿਸ਼ ਦੇ ਪਾਤਰ। ਪਰ ਜੇ ਤੁਸੀਂ ਮੇਰੇ ਸਿਖ, ਬਿਪਰਨ ਦੀ ਰੀਤ ਜਾਂਦੇ ਹੋ ਤਾਂ ਤੁਸੀ ਮੇਰੇ ਵਲੋਂ ਪਰਤੀਤ ਤੋਂ ਬਾਂਝੇ, ਭਾਵ ਮੈ ਤੁਸਾਂ ਦੀ ਬਾਂਹ ਨਹੀਂ ਫੜਨੀ, ਭਾਵ ਤੁਸੀਂ ਆਪਣੀਆਂ ਦਸ਼ਵਾਰੀਆਂ ਦੇ ਆਪ ਜਿਮੇਵਾਰ ਹੋ। ਸਿਖ ਕੌਮ ਨੂੰ ਗੁਰੂ ਦੇ ਤੇਜ ਪ੍ਰਤਾਪ, ਸ਼ਕਤੀ, ਪੰਥ ਲਈ ਚੜ੍ਹਦੀ ਕਲਾ ਦੀ ਬਖਸ਼ਿਸ਼ ਤੋਂ ਪੱਕੀ ਤਰਾਂ ਵਾਂਝੇ ਕਰਨ ਲਈ ਗੁਰੂ ਦੀ ਹਦਾਇਤ ਨੂੰ, ਨਸੀਅਤ ਨੂੰ ਆਪਣੇ ਨਾਪਾਕ ਪੈਰਾਂ ਥੱਲੇ ਰੋਲਦਿਆਂ ਬਾਦਲਕਿਆਂ ਵੱਲੋਂ ਬਿਪਰਨ ਭਾਜਪਾ ਨਾਲ ਪੱਕੀ ਹੀ ਸਾਂਝ ਪਾ ਲਈ ਗਈ ਅਤੇ ਅੱਜ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਵੀ ਜਿੱਤ ਲਈ ਇਹ ਸ਼ਰਾਬ ਤੱਕ ਵੰਡਣ ਵਾਲੇ, ਜਿਸ ਨਾਲ ਇਕ ਪ੍ਰਾਣੀ ਦੀ ਮੌਤ ਵੀ ਹੋਈ ਹੈ ਅਤੇ ਹੋਰ ਨਸ਼ੇ ਵੰਡਣ ਵਾਲੇ ਲੋਕ, ਕਲਜੁਗ ਦੇ ਜੋਰ ਨਾਲ, ਮੇਰੀ ਭਵਿਖ ਦੀ ਕੌਮ ਦੇ ਸਰਬ ਉਚ ਪਵਿਤ੍ਰ ਅਸਥਾਨਾਂ ਤੇ ਕਬਜਾ ਕਰੀ ਬੈਠੇ ਨੇ।

**2)** ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਨਿਰਸਵਾਰਥ ਨਿਆਂਕਾਰੀ ਅਤੇ ਨਿਆਂ ਲਈ ਸ਼ਹਾਦਤ ਦੀ ਪਿਰਤ ਪਾਂਉਦਿਆਂ, ਦਰ ਆਏ ਮਜ਼ਲੂਮ ਪੰਡਤ ਹਿੰਦੂਆਂ ਖਾਤਰ ਨਿਆ ਮੰਗਣ ਲਈ ਆਪ ਚੱਲਕੇ, ਆਪਣੇ ਆਪਨੂੰ ਅਨਿਆਈ ਜਰਵਾਣੇ ਦਰਬਾਰ ਅੱਗੇ ਖੜਾ ਕਰ ਦਿੱਤਾ ਸੀ, ਆਪਣਾ ਸੀਸ ਕਲਮ ਕਰਵਾ ਲਿਆ ਸੀ ਅਤੇ ਸਿਖ ਕੌਮ ਵੱਲੋਂ ਅਲੇਖ, ਅਦੁਤੀ, ਲਾਸਾਨੀ, ਅਦਭੁਤ ਸ਼ਹਾਦਤਾਂ ਅਤੇ ਸ਼ਹੀਦੀਆਂ ਨਾਲ ਦਰ ਆਏ ਪੰਡਤ ਹਿੰਦੂਆਂ ਨੂੰ ਨਿਆਂ ਦੁਆਉਣ ਦੇ ਦਿੱਤੇ ਬਚਨਾਂ ਦੀ ਪੂਰਤੀ ਕੀਤੀ ਸੀ।

ਪਰ ਬਾਦਲਕਿਆਂ ਦੇ ਕੌਮ ਉਤੇ ਸਰਬਉਚਤਾ ਦਾ ਮਾਲਕ ਕਰਕੇ ਥੋਪੇ ਹੋਏ ਜਥੇਦਾਰ ਵੱਲੋਂ ਜਬਰਜਨਾਹ ਦਾ ਸ਼ਿਕਾਰ ਹੋਈ, ਸ੍ਰੀ ਅਕਾਲ ਤਖਤ ਸਾਹਿਬ ਅਨਿਆ ਮੰਗਣ ਆਈ ਇਕ ਬੀਬੀ ਨੂੰ, ਜਬਰਜਨਾਹੀ ਤੋਂ ਰਿਸ਼ਵਤ ਲੈਕੇ, ਬਿਨਾਂ ਇਨਸਾਫ ਦਿਤਿਆਂ ਹੀ ਮੇਰੇ ਨਾਨਕ ਦਰੋਂ, ਮੇਰੇ ਦਸਮੇਸ਼ ਦਰੋਂ ਮੋੜ ਦਿੱਤਾ ਗਿਆ।

ਸਿਖ ਕੌਮ ਦੀ ਬਹੁਤਸਮਤੀ ਇਨਾਂ ਦੀ ਅਤੇ ਇਨਾਂ ਦੇ ਫਰਮਾਨਾਂ ਦੀ ਸਰਬਉਚਤਾ ਦਾ ਰਾਗ ਉਥੇ ਉਸ ਤਰਾਂ ਅਲਾਪ ਰਹੀ ਹੈ, ਜਿਥੇ ਜਿਸ ਤਰਾਂ ਇਸ ਨੂੰ ਰਾਸ ਆਇਆ ਹੈ ਅਤੇ ਇਹ ਹੀ ਬਹੁਸਮਤੀ ਜਿਥੇ ਜੋ ਇਸ ਨੂੰ ਰਾਸ ਨਾ ਆਇਆ, ਉਸ ਨੂੰ ਠੁਕਰਾ ਵੀ ਰਹੀ ਹੈ ਜਾਂ ਨਜ਼ਰਅੰਦਾਜ਼ ਕਰ ਰਹੀ ਹੈ। ਦਾਸ ਦੀਆਂ ਨਜਰਾਂ ਵਿਚ ਜਿਥੇ ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲਿਆਂ ਨੂੰ ਜਿਸਮਾਨੀ ਤੌਰ ਉਤੇ ਜਿੰਦਾ ਐਲਾਨਕੇ, ਉਨਾਂ ਨੂੰ ਭਗੌੜਾ ਕਰਾਰ ਦੇਣਾਂ, ਉਨਾਂ ਦੇ ਪ੍ਰਗਟ ਹੋਣ ਦੇ ਇੰਤਜ਼ਾਰ ਵਿਚ ਬੈਠ ਜਾਣਾਂ ਅਤੇ ਉਨਾਂ ਦੇ ਪਵਿਤ੍ਰ ਬੋਲਾਂ ਦੀ ਪੂਰਤੀ ਲਈ ਅਜੇ ਤੱਕ ਵੀ ਸਿਖ ਕੌਮ ਵਲੋਂ ਅਡੋਲਤਾ ਅਤੇ ਦ੍ਰਿੜਤਾ ਨਾਲ ਆਪਣੀ, ਆਪਣੇ ਗੁਰੂਆਂ ਦੀ ਧਰਤ ਰਾਜਨੀਤਕ ਸੰਘਰਸ਼ ਕਰਨ ਨਾ ਨਿਤਰਨਾਂ, ਪਾਪ ਹੈ ਉਥੇ ਇਸੇ ਹੀ ਕੌਮ ਦੇ ਉਹ ਲੋਕ ਵੀ ਪਾਪਾਂ ਦੇ ਵੱਡੇ ਭਾਗੀ ਨੇ ਜੋ ਸੰਤਾਂ ਨੂੰ ਸ਼ਹੀਦ ਹੋਣਾਂ ਤਾਂ ਮੰਨਦੇ ਨੇ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਇਸ ਦਾ ਐਲਾਨ ਵੀ ਕਰਦੇ ਨੇ, ਇਸ ਹੋਏ ਐਲਾਨ ਦੀ ਮਿਸਾਲ ਵੀ ਦੇਂਦੇ ਨੇ ਪਰ ਨਾਲ ਹੀ ਇਸੇ ਸ਼ਹੀਦ ਦੇ ਪਵਿਤ੍ਰ ਬੋਲਾਂ ਕਿ ਸ੍ਰੀ ਹਰਿਮੰਦਰ ਸਾਹਿਬ ਉਤੇ ਭਾਰਤੀ ਹੁਕਮਰਾਨਾਂ ਦਾ ਫੌਜੀ ਧਾਵਾ ਖਾਲਿਸਤਾਨ ਦਾ ਨੀਹ ਪੱਥਰ ਹੋਏਗਾ, ਨੂੰ ਬੇਹਿਮੀ ਨਾਲ ਦੁਰਕਾਰਦੇ, ਆਪਣੇ ਪੈਰਾਂ ਵਿਚ ਰੋਲਦੇ, ਸ਼ਰੇਆਮ ਇਹ ਕਹਿ ਰਹੇ ਨੇ, ਇਹ ਲਿਖ ਰਹੇ ਨੇ, ਇਹ ਐਲਾਨ ਕਰ ਰਹੇ ਨੇ ਕਿ ਉਹ ਤਾਂ ਸਿਰਫ ਕੌਮ ਲਈ ਵੱਧ ਅਧਿਕਾਰ ਹੀ ਮੰਗਦੇ ਨੇ ਅਤੇ ਇਸ ਤਰਾਂ ਇਹ ਅਤੇ ਇਨਾਂ ਦੇ ਦਿਸ ਅਦਿਸ ਹਮਾਇਤੀ, ਧੁਰੋਂ ਆਜਾਦ ਖਾਲਸੇ ਦੀ ਮਿਥੀ ਮੰਜ਼ਿਲ, ਉਸ ਦਾ ਆਜਾਦ ਦੇਸ਼ ਉਸਰ ਸਕਣ ਦੇ ਰਾਹ ਵਿਚ ਕੰਡੇ ਬਣੀ ਬੈਠੇ ਨੇ। ਅੱਜ ਬਹੁਸਮਤੀ ਬਾਦਲਕਿਆਂ ਦੀ ਹੋਈ, ਉਸ ਵਾਂਗ ਹੀ ਸਿਖ ਕੌਮ ਲਈ ਗੁਲਾਮੀ ਪ੍ਰਵਾਨ ਕਰਦੀ, ਚੋਰ ਦਰਵਾਜੇ ਆਪਣੇ ਆਪਨੂੰ ਬਚਾ ਰਹੀ ਹੈ। ਕਿਉਕਿ ਮੇਰੇ ਸ਼ਹੀਦ ਸੰਤ ਦੇ ਬੋਲਾਂ ਦੀ ਪੂਰਤੀ, ਹਰ ਸਿਖ ਤੋਂ ਸਿਖੀ ਸਿਦਕ ਦੀ ਸਿਖਰ ਤੱਕ ਤਿਆਗ ਅਤੇ ਕੁਰਬਾਨੀ ਦੀ ਮੰਗ ਕਰਦੀ ਹੈ।

ਖਾਲਸੇ ਦੀ ਵੱਡੀ ਪ੍ਰਭਾਸ਼ਾ ਹੈ ਕਿ ਉਹ, ਜੋ ਨਿਰਧਨ, ਜੁਲਮ ਦਾ ਸ਼ਿਕਾਰ ਮਜਲੂਮ ਦੀ ਰੱਖਿਆ ਕਰਦਾ ਹੈ ਅਤੇ ਦੁਸ਼ਟ ਜਰਵਾਣੇ ਦਾ ਖਾਤਮਾਂ। ਵੇਖੋ ਭਾਰਤ ਮਹਾਨ ਦੇ ਕਾਰੇ ਕਿ ਆਪਣੀ ਆਜ਼ਾਦੀ ਦਾ ਸੰਘਰਸ਼ ਕਰ ਰਹੀ ਰਿਆਸਤ ਮਨੀਪੁਰ ਵਿਚ ਇਕ ਬੀਬੀ ਮਨੋਰਮਾਂ ਨੂੰ ਅੱਤਵਾਦੀਆਂ ਦੀ ਸਾਥੀ ਦਸਕੇ, ਅਸਾਮ ਰਜਮੈਂਟ ਦੀ ਸਪੈਸ਼ਲ ਫੋਰਸ ਵਲੋਂ ਘਰੋਂ ਚੁੱਕਕੇ ਅੱਤ ਦੇ ਤਸੀਹੇ ਦਿੱਤੇ ਗਏ, ਉਸ ਦੀ ਪੱਤ ਲੁੱਟੀ ਗਈ ਅਤੇ ਉਸ ਦੇ ਗੁਪਤ ਅੰਗ ਵਿਚ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਦੂਜਿਆਂ ਦੇ ਗਲੋਂ ਗੁਲਾਮੀ ਦੀਆਂ ਜਜੀਰਾਂ ਨੂੰ ਲਾਹਾਉਣ ਲਈ ਪ੍ਰਗਟਾਇਆ ਖਾਲਸਾ, ਆਪਣੇ ਗਲ ਹੀ ਗੁਲਾਮੀ ਦੀਆਂ ਮੰਜੀਰਾਂ ਨੂੰ ਆਪਣਾਂ ਗਹਿਣਾਂ ਮਹਿਸੂਸ ਕਰਨ ਲੱਗ ਪਵੇ, ਕੀ ਕਲਜੁਗ ਦੀ ਸਿਖਰ ਤੋਂ ਘੱਟ ਹੈ?

ਦਾਸ ਦੀਆਂ ਨਜਰਾਂ ਵਿਚ ਅੱਜ ਸਿਖ ਧਰਮ ਉਤੇ, ਕੌਮ ਉਤੇ ਕਲਜੁਗ ਦੀ ਰਸਮੀ ਜਿੱਤ ਹੋ ਗਈ ਹੈ। ਭਾਵੇਂ ਇਹ ਜਿੱਤ ਇਕ ਸੀਮਤ ਸਮੇਂ ਤੱਕ ਹੀ ਹੈ ਪਰ ਸਿਖ ਧਰਮ ਵਿਚ ਅਟੱਟ ਵਿਸ਼ਵਾਸ ਅਤੇ ਸ਼ਰਧਾ ਰੱਖਣ ਵਾਲੇ ਇਸ ਗੈਰ ਸਿਖ ਪ੍ਰਾਣੀ ਲਈ ਇਹ ਅੱਜ ਕਿਸੇ ਜਗਤ ਜਲੰਦੇ ਦੀ ਸਥਿਤੀ ਤੋਂ ਘੱਟ ਨਹੀਂ ਹੈ। ਅੱਜ ਜਥੇਬੰਦਕ ਤੌਰ ਤੇ ਕੋਈ ਅਹੁਦਾ ਲੈਕੇ ਜ਼ਿਮੇਵਾਰੀ ਨਿਭਾ ਸਕਣੋਂ ਜੇ ਸਿਰਜਣਹਾਰ ਅਕਾਲਪੁਰਖ ਪ੍ਰਮਾਤਮਾਂ ਨੇ ਦਾਸ ਨੂੰ ਮਾਨਸਿਕ ਅਤੇ ਜਿਸਮਾਨੀ ਤੌਰ ਤੇ ਅਸਮ੍ਰਥ ਕੀਤਾ ਹੈ ਤਾਂ ਇਸ ਵਿਚ ਉਸ ਦਾ ਇਹ ਹੀ ਭਾਣਾਂ, ਇਹ ਹੀ ਰਜਾ ਅਤੇ ਇਹ ਹੀ ਭਲਾ ਸਮਝ ਸਕਦਾ ਹਾਂ ਕਿ ਮਤਾਂ ਇਸ ਦੌਰ ਵਿਚ ਉਸ ਦਾ ਇਹ ਸੇਵਕ, ਜਾਣੇ ਅਣਜਾਣੇ ਕੋਈ ਅਨਿਆਈ ਧਿਰ ਹੀ ਨਾ ਬਣਕੇ ਰਹਿ ਜਾਵੇ।

ਗੁਰੂ ਰੂਪ ਪਿਆਰੀ ਸਾਧ ਸੰਗਤ ਜੀ, ਸੱਭ ਤੋਂ ਵੱਧ ਵਿਕਸਤ, ਉਨਤ ਸੱਭਿਅਤਾ ਦੇ ਮਾਲਿਕ ਇਸ ਸੰਸਾਰ ਦੇ ਆਦਿ ਇਨਸਾਨ, ਇਸ ਤੋਂ ਮਗਰੋਂ ਕੁਝ ਹੋਰ ਧਰਮਾਂ ਅਤੇ ਗੁਰਬਾਣੀ ਦਾ ਹਰ ਪ੍ਰਾਣੀ ਨੂੰ ਉਪਦੇਸ਼ ਹੈ ਕਿ ਐ ਇਨਸਾਨ, ਜੇ ਬਹੁਤਾ ਨਹੀਂ ਤਾਂ ਇਨਸਾਨ ਹੋਣ ਦੇ ਨਾਤੇ, ਇਹ ਘੱਟੋ ਘੱਟ ਹੈ ਜੋ ਤੂੰ ਆਪਣੇ ਜੀਵਨ ਕਾਲ ਵਿਚ ਕਰਨਾਂ ਹੈ: ਨਿਰਮਲ ਕਰਮ ਕਰਨੇ ਨੇ।

ਦਾਸ ਦੀ ਜਾਚੇ ਸਿਰਜਾਣਹਾਰ ਸਾਹਵੇਂ ਸਭ ਤੋਂ ਪਹਿਲੇ ਇਨਸਾਨ ਦੇ ਕੀਤੇ ਚੰਗੇ ਮੰਦੇ ਕਰਮ ਨੇ, ਜੋ ਵੇਖੇ ਜਾਣੇ ਨੇ। ਇਸ ਮਗਰੋਂ ਹੀ ਕੋਈ ਹੋਰ ਹਿਸਾਬ ਕਿਤਾਬ ਹੋ ਸਕਦਾ ਹੈ ਕਿ ਇਸ ਨੂੰ ਕਿਸ ਧਰਮ ਨਾਲ ਸਬੰਧਤ ਪ੍ਰਵਾਰ ਵਿਚ ਜਨਮਾਇਆ ਸੀ, ਇਹ ਕਿਸ ਧਰਮ ਨਾਲ ਸਬੰਧਤ ਸੀ, ਇਸ ਨੇ ਆਪਣੇ ਧਰਮ ਮੁਤਾਬਕ ਕਿੰਨਾ ਕੁ ਜੀਵਨ ਜੀਵਿਆ ਹੈ, ਜਾਂ ਇਸ ਨੇ ਆਪਣੇ ਧਰਮ ਮੁਤਾਬਕ ਭਗਤੀ ਕੀਤੀ ਵੀ ਹੈ ਜਾਂ ਅੰਦਰ ਕਿਸੇ ਤਰਾਂ ਦੀ ਕੋਈ ਮੈਲ ਰੱਖਕੇ, ਸਾਰੀ ਉਮਰ ਭਗਤੀ ਕਰਨ ਦਾ ਭਰਮ ਹੀ ਪਾਲਿਆ ਹੈ।

ਜੇ ਇਸ ਜਨਮ ਨਹੀਂ ਤਾਂ ਅਗਲੇ ਜਨਮ ਪਰ ਜਰੂਰ ਸਿਖ ਹੋ, ਅਪਣੇ ਜੀਵਨ ਅਦਰਸ਼ ਨੂੰ ਪੂਰਾ ਕਰਨ ਦੀ ਅਰਦਾਸ ਜੋਦੜੀ ਸਮੇਤ, ਆਪਣੇ ਇਸ ਪਿਆਰੇ, ਪਵਿਤ੍ਰ, ਪੂਰਨ ਸਿਖ ਧਰਮ ਨੂੰ ਅਤੇ ਆਪਣੀ ਇਸ ਕੌਮ ਨੂੰ ਹਮੇਸ਼ਾਂ ਚੜ੍ਹਦੀ ਕਲਾ ਵਿਚ ਲੋਚਣ ਵਾਲਾ, ਸ਼ਕਲੋਂ ਇਕ ਗੈਰ ਸਿਖ,

ਗੁਰੂ ਪੰਥ ਦਾ ਦਾਸ,


ਐਨ. ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ

**N. Kamal- Fehrenbach**
**Schöne Aussicht 74a**
**65760 Eschborn**
Tel.: 06173 67103, E-Mail: ef-nk@t-online.de


**Eschborn**
23 ਫਰਵਰੀ 2005

## ਸ਼ੱਕ ਜਾਂ ਸੱਚ?

## 9 ਅਕਤੂਬਰ 2004 ਨੂੰ ਗੁਰੂ ਘਰ ਸ੍ਰੀ ਗੁਰੂ ਦਸਮੇਸ਼ ਸਭਾ ਕੋਲਨ ਵਿਖੇ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਜਰਮਨੀ ਦੀ ਹੋਈ ਇਕ ਇਕੱਤ੍ਰਤਾ ਸਮੇਂ ਹਾਜਰ ਬੱਬਰ ਸਿੰਘਾਂ ਦੇ ਨਾਮ

ਵੀਰ ਜੀਓ,

23.8.2004 ਨੂੰ ਜਥੇਬੰਦੀ ਦੇ ਅਹੁਦੇ ਅਤੇ ਹਰ ਤਰਾਂ ਦੀ ਜਿੰਮੇਵਾਰੀ ਤੋਂ ਦਿੱਤੇ ਅਤੇ ਇਸੇ ਦਿਨ ਤੋਂ ਹੀ ਲਾਗੂ ਅਸਤੀਫੇ ਮਗਰੋਂ 09. 10.2004 ਨੂੰ ਮਿਲ ਬੈਠਣ ਸਮੇਂ ਜਦ ਦਾਸ ਵਲੋਂ ਆਪਣੇ ਇਸੇ ਫੈਸਲੇ ਉਤੇ ਹੀ ਦ੍ਰਿੜਤਾ ਨੂੰ ਪ੍ਰਗਟਾ ਦਿੱਤਾ ਗਿਆ ਤਾਂ ਆਪ ਵਿਚੋਂ ਕੁਝ ਸਿੰਘ ਵਾਰ ਵਾਰ ਇਹ ਮੰਗ ਕਰ ਰਹੇ ਸਨ ਕਿ ਚਲੋ ਤੁਸਾ ਦਾ ਜਾਣਾਂ ਤਾਂ ਸਵਿਕਾਰ ਪਰ ਚੰਗਾ ਜੇ ਇਹ ਦੱਸ ਜਾਵੋ ਕਿ ਹੁਣ ਤੱਕ ਜਥੇਬੰਦੀ ਦੇ ਕੰਮ ਕਾਜ ਵਿਚ ਕਿਹੜੀ ਕਮੀ ਰਹਿ ਗਈ ਹੈ ਅਤੇ ਉਸ ਨੂੰ ਦੂਰ ਕਰਨ ਲਈ ਕੀ ਕੀਤਾ ਜਾਣ ਚਾਹੀਦਾ ਹੈ। ਪਰ ਦਾਸ ਵੱਲੋਂ ਇਸ ਵਿਸ਼ੇ ਉਤੇ ਵਿਚਾਰ ਸ਼ੁਰੂ ਕਰਨ ਨੂੰ ਟਾਲਿਆ ਜਾ ਰਿਹਾ ਸੀ। ਇਸ ਲਈ:

ੳ) ਜਦ ਪਹਿਲੋਂ ਹੀ ਇਕ ਸੱਥ ਵਿਚ ਮੁਖੀ ਵੱਲੋਂ ਦਾਸ ਦੇ ਲਿਖਤੀ ਪੁਛੇ ਗੁਰਮਤਿ ਸਵਾਲ ਦਾ ਜਬਾਬ ਦੇਣ ਦੀ ਬਜਾਏ ਇਹ ਕਹਿ ਕੇ ਕਿ 'ਉਨਾਂ ਨੂੰ ਕੋਈ ਨਹੀ ਬਦਲ ਸਕਦਾ, ਫਲਾਣੇਂ ਨੇ ਵੀ ਬਦਲਣ ਦੀ ਕੋਸ਼ਿਸ਼ ਕੀਤੀ ਸੀ, ਸਫਲ ਉਹ ਵੀ ਨਹੀਂ ਹੋ ਸਕਿਆ', ਆਪਣੇ ਅਪਨੂੰ ਅਭੁਲ ਗੁਰੂ ਅਤੇ ਅਭੁਲ ਅਕਾਲ ਪੁਰਖ ਦੇ ਬਰਾਬਰ ਖੜ੍ਹਾ ਕਰ ਲਿਆ ਹੈ ਤਾਂ ਇਸ ਭੁਲਣਹਾਰ ਇਨਸਾਨ ਕੋਲ ਦੇਣ ਲਈ ਨਾ ਕੋਈ ਦਲੀਲ, ਨਾ ਕੋਈ ਸੁਝਾ।

ਅ) ਸੱਚ, ਸੱਥ ਵਿਚ ਸੁਣ ਸਕਣਾਂ ਸ਼ਾਇਦ ਕਿਸੇ ਲਈ ਔਖਾ ਹੋ ਜਾਵੇ।

ੲ) ਜੇ ਇਸ ਵਿਸ਼ੇ ਉਤੇ ਗੱਲ ਸ਼ੁਰੂ ਹੁੰਦੀ ਹੈ ਤਾਂ ਗੁਰੂ ਜਾਣੇ ਕਿ ਇਸ ਦੀ ਸਮਾਪਤੀ ਕਿਵੇਂ ਅਤੇ ਕਦੋਂ ਹੁੰਦੀ ਹੈ।

ਪਰ ਜਦ ਅੰਤ ਇਹ ਵੀਰ ਜਿਦ ਕਰਨੋਂ ਨਾ ਹੀ ਹਟੇ ਤਾਂ ਇਨਾਂ ਦੇ ਸਵਾਲ: ਜਥੇਬੰਦੀ ਦੇ ਕੰਮ ਕਾਜ ਵਿਚ ਕਿਹੜੀ ਕਮੀ ਰਹਿ ਗਈ ਅਤੇ ਉਸ ਨੂੰ ਦੂਰ ਕਰਨ ਲਈ ਕੀ ਕੀਤਾ ਜਾਣ ਚਾਹੀਦਾ, ਦਾ ਜਵਾਬ ਦੇ ਸਕਣਾਂ ਅਰੰਭ ਹੋ ਸਕੇ, ਇਸ ਤੋਂ ਪਹਿਲੇ ਇਹ ਆਤਮਾਂ, ਆਪਣੀ ਰਹੀ ਜਥੇਬੰਦੀ ਦੇ ਗੁਰੂ ਘਰ ਜੁੜ ਬੈਠੇ ਸਿੰਘਾਂ ਤੋਂ ਇਕ ਸਵਾਲ ਦਾ ਉਤਰ ਚਾਹੁੰਦੀ ਸੀ। ਇਸ ਲਈ ਆਪਜੀ ਅੱਗੇ  ਇਹ ਸਵਾਲ ਸੀ ਕਿ ਕੀ ਜਥੇਬੰਦੀ ਆਪਣੇ ਆਜਾਦ ਵਤਨ ਖਾਲਿਸਤਾਨ ਦੀ ਮੰਗ ਉਤੇ ਖੜੀ ਵੀ ਹੈ? ਕੁਝ ਪਲਾਂ ਦੇ ਸਨਾਟੇ ਮਗਰੋਂ ਜਥੇਬੰਦੀ ਦੇ ਮੁਖੀ ਦਾ ਜਬਾਵ ਸੀ ਕਿ ਹਾਂ ਅਸੀਂ ਖੜੇ ਹਾਂ ਅਤੇ ਹੋਰ ਇਹ ਕਿ ਅੱਜ ਬਿਧੀ ਸਿੰਘ ਨੂੰ ਸਾਡੇ ਉਤੇ ਸ਼ੱਕ ਹੋ ਗਿਆ ਹੈ। ਇਸ ਦੇ ਨਾਲ ਹੀ ਮੀਟਿੰਗ ਦੀ ਸਮਾਪਤੀ ਕਰਕੇ ਇਹ ਆਖ ਦਿੱਤਾ ਗਿਆ ਕਿ ਉਨਾਂ ਨੂੰ ਭੁਲਣ ਦੀ ਬੀਮਾਰੀ ਹੋ ਗਈ ਹੈ ਅਤੇ ਇਸੇ ਸਬੰਧ ਵਿਚ ਡਾਕਟਰ ਕੋਲ ਟਰਮੀਨ ਹੈ। ਇਥੇ ਲਿਖਤੀ ਆਉਣ ਦਾ ਮਜਬੂਰਨ ਸਬੱਬ ਇਹ ਲਫਜ਼ ਹੀ ਹਨ ਕਿ ਅੱਜ ਬਿਧੀ ਸਿੰਘ ਨੂੰ ਸਾਡੇ ਉਤੇ ਸ਼ੱਕ ਹੋ ਗਿਆ ਹੈ।

ਕਿਸੇ ਗੁਰਸਿਖ ਜਾਂ ਸ਼ਹੀਦਾਂ ਦੇ ਨਾਮ ਉਤੇ ਕਿਸੇ ਗੁਰਸਿਖ ਜਥੇਬੰਦੀ ਉਤੇ, ਭਾਵੇ ਉਹ ਆਪਣੀ ਹੈ ਭਾਵੇਂ ਕਿਸੇ ਹੋਰ ਸਿਖ ਦੀ ਜਾਂ ਸਿਖਾਂ ਦੀ, ਮੇਰੇ ਜਹੇ ਬੇਸੂਰਤ ਵੱਲੋਂ ਕੋਈ ਨਹੱਕੀ ਸ਼ਕ ਕਰ ਜਾਣੀਂ ਅਤੇ ਕਬੋਲ, ਨਾ ਮਿੱਠੇ ਬੋਲ ਬੋਲ ਦੇਣੇਂ, ਹੁਣ ਤੱਕ ਦੀ ਕੀਤੀ ਤਿਲਫੁਲ ਸੇਵਾ ਨੂੰ ਵੀ ਬੇਅਰਥ ਕਰ ਲੈਣਾਂ ਹੈ ਅਤੇ ਆਪਣੇ ਸਿਰ ਭਾਰ ਵੀ ਕਰ ਲੈਣਾਂ ਹੈ।

'ਜਥੇਬੰਦੀ ਦੇ ਕੰਮ ਕਾਜ ਵਿਚ ਕਿਹੜੀ ਕਮੀ ਰਹਿ ਗਈ ਹੈ ਅਤੇ ਉਸ ਨੂੰ ਦੂਰ ਕਰਨ ਲਈ ਕੀ ਕੀਤਾ ਜਾਣ ਚਾਹੀਦਾ ਹੈ', ਇਸ ਦਾ ਜਬਾਬ ਦੇ ਸਕਣਾਂ ਬੜੀ ਦੂਰ, ਦਾਸ ਦਾ ਜਿਸ ਨਾਲ ਸਬੰਧ, ਸਿਰਫ ਉਥੇ ਤੱਕ ਹੀ ਇਹ ਵੇਖਣਾਂ ਹੈ ਕਿ ਜਾਣੇ ਅਣਜਾਣੇ ਦਾਸ ਕੋਲੋਂ ਸ਼ੱਕ ਹੋ ਜਾਣ ਕਰਕੇ ਜਥੇਬੰਦੀ ਅੱਗੇ ਸਵਾਲ ਸੀ ਕਿ ਕੀ ਜਥੇਬੰਦੀ ਆਪਣੇ ਆਜਾਦ ਵਤਨ ਖਾਲਿਸਤਾਨ ਦੀ ਮੰਗ ਉਤੇ ਖੜ੍ਹੀ ਵੀ ਹੈ ਜਾਂ ਇਸ ਦੇ ਮੁਖੀ ਵੱਲੋਂ ਇਸ ਸ਼ੱਕ ਨੂੰ ਦਾਸ ਅੱਗੇ ਸੱਚ ਬਣਾਕੇ ਰੱਖਿਆ ਗਿਆ ਸੀ ਜਿਸ ਕਰਕੇ ਇਹ ਸਵਾਲ ਸੀ। ਨਾਨਕ ਦਰ ਦੇ ਇਸ ਸ਼ਰਧਾਲੂ ਪ੍ਰਾਣੀ ਨੂੰ ਅਸਤੀਫੇ ਤੱਕ ਆਪਣੇ ਮੁਖੀ ਰਹੇ ਵੱਲੋਂ ਸੱਥ ਵਿਚ ਸ਼ੱਕ ਕਰਨ ਦਾ ਦੋਸ਼ੀ ਕਰਕੇ ਉਠ ਖੜੋਣ ਦਾ ਕੋਈ ਦੁਖ, ਕੋਈ ਅਫਸੋਸ, ਕੋਈ ਗਮ, ਕੋਈ ਗਿਲਾ, ਸ਼ਿਕਵਾ ਨਹੀਂ। ਕਿਉਕਿ ਇਹ ਸ਼ੱਕ ਦਾ ਤਾਹਨਾਂ, ਮੇਹਣਾਂ, ਨਹੋਰਾ ਮਾਰਨ ਵਾਲੇ ਮੁਖੀ ਦੱਸ ਹੀ ਗਏ ਨੇ ਕਿ ਉਨਾਂ ਨੂੰ ਭੁੱਲ ਜਾਣ ਦੀ ਬੀਮਾਰੀ ਹੋ ਗਈ ਹੈ। ਭੁੱਲ ਜਾਣ ਦੀ ਬੀਮਾਰੀ ਦਾ ਮਤਲਬ, ਹੋਰ ਤੋਂ ਇਲਾਵਾ, ਬੀਤੇ ਵਿਚ ਹੋਇਆ ਵਿਸਰ ਜਾਣਾਂ ਵੀ ਹੈ। ਸੱਥ ਵਿਚ ਤੁਸਾਂ ਵਿਚੋਂ ਕਿਸੇ ਹੋਰ ਨੇ ਇਹ ਨਹੀਂ ਕਿਹਾ ਸੀ ਕਿ ਉਨਾਂ ਨੂੰ ਵੀ ਆਪਣੇ ਮੁਖੀ ਜਹੀ ਭੁਲਣ ਦੀ ਬੀਮਾਰੀ ਹੈ। ਇਸ ਲਈ ਤੁਸਾਂ ਨੂੰ ਤੰਦਰੁਸਤ ਜਾਣ ਕੇ ਤੁਸਾਂ ਅੱਗੇ ਰੱਖ ਰਿਹਾਂ ਹਾਂ ਕਿ ਵੇਖੋ ਇਸ ਆਤਮਾਂ ਨੂੰ ਸ਼ੱਕ ਨੇ ਜਾਂ ਭੁੱਲ ਜਾਣ ਦੇ ਬੀਮਾਰ, ਜਥੇਬੰਦੀ ਦੇ ਮੁਖੀ ਵੱਲੋਂ ਹੀ ਵਿਖਾਏ ਸੱਚ ਨੇ ਇਹ ਪ੍ਰਸ਼ਨ ਕਰਨ ਲਈ ਮਜਬੂਰ ਕੀਤਾ ਸੀ ਕਿ ਕੀ ਜਥੇਬੰਦੀ ਆਪਣੇ ਆਜਾਦ ਵਤਨ ਖਾਲਿਸਤਾਨ ਦੀ ਮੰਗ ਉਤੇ ਖੜ੍ਹੀ ਵੀ ਹੈ?

ਸ਼ੱਕ ਜਾਂ ਸੱਚ ਉਤੇ ਵਿਚਾਰ ਅਤੇ ਨਿਪਟਾਰੇ ਵੱਲ ਆਉਣ ਤੋਂ ਪਹਿਲੇ ਜੋ ਜਰੂਰੀ ਸੱਚ ਦਾਸ ਦੀ ਹੀ ਜਥੇਬੰਦੀ ਦੇ ਮੁਖੀ ਵੱਲੋਂ ਦਾਸ ਅੱਗੇ, ਦਾਸ ਦੇ ਅਸਤੀਫੇ 23.8.2004 ਤੱਕ ਰੱਖਿਆ ਗਿਆ, (ਇਸ ਦਿਨ ਤੋਂ ਅਗਲੇ ਨਾਲ, ਉਝ ਹੀ ਦਾਸ ਦਾ ਕੋਈ ਸਬੰਧ ਨਹੀਂ।) ਉਹ ਇਹ: ਭਾਵੇਂ ਬੱਬਰ ਖਾਲਸਾ ਇੰ ਅਤੇ ਅਖੰਡਕੀਰਤਨੀ ਜਥਾ ਨਾਵਾਂ ਤੋਂ ਦੋ ਹਨ ਪਰ ਮੈਂ ਬੱਬਰ ਬਿਧੀ ਸਿੰਘ, ਮੇਰੀ ਜਥੇਬੰਦੀ ਬੱਬਰ ਖਾਲਸਾ ਇੰ ਜਰਮਨੀ ਸਭ ਤੋਂ ਪਹਿਲੇ ਅਖੰਡ ਕੀਰਤਨੀ ਜਥਾ ਹੈ ਅਤੇ ਇਥੇ ਜਥੇ ਦੀ ਹੀ ਜਾਂ ਇਸ ਦੇ ਕਿਸੇ ਮੈਂਬਰ ਦੀ ਕਹੀ ਅਤੇ ਕੀਤੀ ਹੀ ਅਟੱਲ ਹੈ ਭਾਵੇਂ ਇਹ ਗੁਰਮਤਿ ਅਨੁਸਾਰ ਹੈ ਜਾਂ ਨਹੀਂ ਅਤੇ ਇਸੇ ਨੂੰ ਹੀ ਮੈਂ ਜਾਂ ਮੇਰੀ ਜਥੇਬੰਦੀ ਬੱਬਰ ਖਾਲਸਾ ਇੰ ਜਰਮਨੀ ਉਤਮ ਮੰਨਣ ਦੀ ਪਾਬੰਦ ਹੈ। ਇਹ ਕਿਵੇਂ:

1) ਵਸਾਖੀ 1978 ਵਿਚ ਨਿਰੰਕਾਰੀਆਂ ਵੱਲੋਂ ਸ਼ਹੀਦ ਕੀਤੇ ਤੇਰਾਂ ਸਿੰਘ ਇਸ ਜਥੇ ਨਾਲ ਹੀ ਸਬੰਧਤ ਸਨ ਅਤੇ ਇਸ ਜਥੇ ਦੇ ਵੱਲੋ ਹੀ ਜਥੇਬੰਦੀ ਬੱਬਰ ਖਾਲਸਾ ਇੰ ਦੀ ਸਥਾਪਨਾ ਕੀਤੀ ਗਈ ਸੀ। ਹੁਣ ਤੱਕ ਬਾਕੀ ਰਹੇ ਬੱਬਰ ਖਾਲਸਾ ਰਣਤੱਤੇ ਅਤੇ ਬੱਬਰ ਖਾਲਸਾ ਜਰਮਨੀ ਦੇ ਮੁਖ ਸੇਵਾਦਾਰ ਵੀ ਜਥੇ ਨਾਲ ਸਬੰਧਤ ਨੇ ਅਤੇ ਇਸ ਵਾਰੇ ਕਿਸੇ ਨੂੰ ਵੀ ਕੋਈ ਇਤਰਾਜ ਹੋ ਹੀ ਨਹੀਂ ਸਕਦਾ। ਕਿਉਕਿ ਜਥੇ ਵੱਲੋਂ ਜੋ ਜਥੇਬੰਦੀ ਸਥਾਪਤ ਕੀਤੀ ਗਈ, ਉਸ ਦੀ ਅਗਵਾਈ ਵੀ ਜਥੇ ਦੇ ਹੱਥ, ਜਥੇ ਦਾ ਹੱਕ ਹਲਾਲ। ਸਗੋਂ ਜੇ ਜਥੇ ਵੱਲੋਂ ਸਿਖੀ ਕਿਰਦਾਰ ਦੀ ਦ੍ਰਿੜਤਾ ਨਾਲ ਲਿਆ ਕੋਈ ਫੈਸਲਾ ਜਾਂ ਕੁਝ ਕਿਹਾ ਜਥੇਬੰਦੀ ਬੱਬਰ ਜਰਮਨੀ ਲਈ ਵੀ ਅਟੱਲ, ਆਖਰੀ ਅਤੇ ਇਸ ਦੇ ਹੀ ਪਾਬੰਦ ਹੋਣਾਂ ਕਰਦਾ ਹੈ ਤਾਂ ਮੈਂ ਬੱਬਰ ਲਈ ਮਾਣ ਵਾਲੀ ਗਲ ਹੀ ਹੋ ਸਕਦੀ ਹੈ। ਸਿਖ ਨੂੰ ਹੀ ਨਹੀਂ, ਮੇਰੇ ਗੁਰੂ ਵਲੋਂ ਤਾਂ ਸਿਖ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ, ਨਾਨਕ ਦਰ ਦੇ ਇਸ ਕੂਕਰ ਨੂੰ ਵੀ ਮਾੜਾ ਤਿਅਗਕੇ, ਚੰਗਾ ਹੀ ਕਰਨ ਦੀ ਹਦਾਇਤ ਦਾ ਉਚੀ ਹੋਕਾ ਹੈ।

ਜਦ ਕਿਸੇ ਜਥੇਬੰਦੀ ਨਾਲ ਸੇਵਾ ਲਈ ਨਾਮ ਜੋੜਿਆ ਹੈ ਤਾਂ ਉਸ ਜਥੇਬੰਦੀ ਦੇ ਚੰਗਿਆਂ ਦੇ ਨਾਲ, ਜਾਣੇ ਅਣਜਾਣੇ ਹੋ ਗਏ ਮਾੜੇ ਮੋਟੇ ਨਾ ਚੰਗੇ ਨਾਲ ਜਾਂ ਮੂਲੋਂ ਹੀ ਨਾ ਚੰਗੇ ਹੋ ਗਏ ਨਾਲ ਵੀ ਉਸ ਦਾ ਨਾਮ ਜੁੜਨਾਂ ਹੈ, ਉਦ ਤੱਕ ਜਦ ਤੱਕ ਉਹ ਕਹਿ ਨਹੀਂ ਦੇਂਦਾ ਕਿ ਇਸ ਮਾੜੇ ਹੋਏ ਜਾਂ ਕਹੇ ਨਾਲ ਉਸ ਦਾ ਕੋਈ ਵਾਸਤਾ ਨਹੀਂ। ਇਸ ਲਈ ਜੇ ਇਥੇ ਕਿਸੇ ਵਲਲੋਂ ਜਥੇਬੰਦੀ ਦੇ ਨਾਮ ਉਤੇ ਧਮਕੀ ਭਰਿਆ ਖਤ ਲਿਖਿਆ ਗਿਆ ਤਾਂ ਜਥੇਬੰਦੀ ਖੰਡਨ ਕਰਨ ਤੱਕ ਗਈ ਅਤੇ ਜਥੇਬੰਦੀ ਵਿਚ ਰਹਿਕੇ ਜੇ ਕਿਸੇ ਏਜੰਟੀ ਦੇ ਧੰਦੇ ਨਾਲ ਇਸ ਨੂੰ ਬਦਨਾਮ ਕਰਨਾਂ ਚਾਹਿਆ ਤਾਂ ਉਸ ਨੂੰ ਬਾਹਰ ਕੱਢਣ ਤੱਕ ਗਈ। ਇਥੇ ਬਿਆਨ ਕੀਤੀ ਜਾਣ ਵਾਲੀ ਪਹਿਲੀ ਘਟਨਾਂ ਤਕ, ਜਥੇਬੰਦੀ ਵਲੋਂ ਅਡੋਲ ਅਤੇ ਨਿਸਵਾਰਥ ਰਹਿਦੇ ਹੋਏ ਕੀਤੀ ਆਪਣੇ ਧਰਮ ਅਤੇ ਕੌਮ ਦੀ ਸੇਵਾ ਉਤੇ ਦਾਸ ਨੂੰ ਮਾਣ ਹੈ।

2) ਅਖੰਡ ਕੀਰਤਨੀ ਜਥੇ ਦੀ ਕਹੀ ਅਤੇ ਕੀਤੀ ਹੀ ਜਥੇਬੰਦੀ ਬੱਬਰ ਜਰਮਨੀ ਦੇ ਲਈ ਵੀ ਅਟੱਲ, ਆਖਰੀ ਅਤੇ ਇਸ ਦੇ ਹੀ ਪਾਬੰਦ ਹੋਣ ਦੀ ਪਹਿਲੀ ਮਿਸਾਲ, ਜਿਥੇ ਮੇਰੇ ਇਸ ਵਿਸ਼ਵਾਸ ਕਿ ਜਥੇ ਦੇ ਸਿੰਘਾਂ ਕੋਲ ਜਿੰਨੀ ਬਾਹਰੀ ਕੱਟੜਤਾ ਦਾ ਵਿਖਾਵਾ ਹੈ, ਉਨੇ ਹੀ ਸਿਖੀ ਕਿਰਦਾਰ ਪੱਖੋਂ ਵੀ ਕੱਟੜ ਨੇ, ਨੂੰ ਖੋਰਾ ਲੱਗਣ ਦੀ ਸ਼ੁਰੂਆਤ ਤਾਂ ਸੀ ਹੀ ਉਥੇ ਸਿਖ ਇਤਿਹਾਸ ਵਿਚ ਵੀ ਇਨਾਂ ਵੱਲੋਂ ਪਹਿਲੀ ਮਾੜੀ ਮਿਸਾਲ ਕਾਇਮ ਕਰ ਦਿੱਤੀ ਗਈ: ਹੁਣ ਤੱਕ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਿਯਦਾ ਨੂੰ ਅਤੇ ਇਸ ਦੇ ਹੁਕਮਨਾਮਿਆਂ ਦੀ ਸਰਬਉਚਤਾ ਨੂੰ ਅੱਗੇ ਰੱਖਕੇ ਗੱਲਾਂ ਕਰਨੋਂ ਕਦੇ ਨਾ ਥੱਕਣ ਵਾਲੇ ਮੇਰੇ ਆਪਣੇ ਹੀ, ਹੁਕਮਨਾਮੇ ਨੂੰ ਨਾ ਮੰਨਣ ਵਾਲਿਆਂ ਦੇ ਸਾਥ ਲਈ ਸ਼ਰੇਆਮ ਖੜ੍ਹ ਗਏ। ਇਥੇ ਸਿਰਫ ਭਾਈ

ਰਣਜੀਤ ਸਿੰਘ ਜੀ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਹੋਣ ਸਮੇਂ ਤੱਕ ਦੇ ਜਾਰੀ ਹੁਕਮਨਾਮਿਆਂ ਦਾ ਹੀ ਜ਼ਿਕਰ ਹੈ। ਥੱਲੇ ਦਿੱਤੀਆਂ ਜਾਣ ਵਾਲੀਆਂ ਮਿਸਾਲਾਂ ਵਿਚੋਂ 'ਕਦੋਂ' ਨੂੰ ਛੱਡ ਦਿੱਤਾ ਗਿਆ ਹੈ। ਇਸ ਲਈ ਕਿ ਇਕ -ਸੱਚ ਨੂੰ ਪ੍ਰਮਾਣਾਂ ਦੀ ਜਰੂਰਤ ਨਹੀਂ ਹੋਇਆ ਕਰਦੀ। ਦੂਜਾ -ਗੁਰੂ ਵਲੋਂ ਰਚਾਏ ਇਸ ਨਾਟਕ ਨੂੰ ਖੇਲਣ ਵਾਲੇ ਪਾਤਰ ਸਭ ਦੇ ਸਾਹਮਣੇ ਹਨ ਹੀ।

ਕਨੇਡਾ ਇਕ ਗੁਰੂ ਘਰ ਵਿਚ ਚੋਣਾਂ ਹੋਣ ਵਾਲੀਆਂ ਸਨ, ਜਿਸ ਵਿਚ ਜਥੇ ਵੱਲੋਂ ਉਨਾਂ ਦੀ ਹਮਾਇਤ ਦਾ ਐਲਾਨ ਕਰ ਦਿੱਤਾ ਜੋ ਲੰਗਰ ਵਾਰੇ ਹੁਕਮਨਾਮੇ ਨੂੰ ਮੰਨਣ ਤੋਂ ਆਕੀ ਸਨ ਅਤੇ ਡੱਟਕੇ ਇਸ ਦੇ ਵਿਰੋਧੀ ਸਨ। ਜਦ ਕਿ ਬੱਬਰ ਖਾਲਸਾ ਜਰਮਨੀ ਪਹਿਲੋਂ ਹੀ ਇਸ ਹੁਕਮਨਾਮੇ ਦੀ ਵਿਰੋਧਤਾ ਕਰਨ ਵਾਲਿਆਂ ਨੂੰ ਆਖਬਾਰਾਂ ਵਿਚ ਫਿਟਕਾਰਾਂ ਪਾ ਚੁੱਕਾ ਸੀ। ਕਨੇਡਾ ਤੋਂ ਕੁਝ ਪੰਥ ਦਰਦੀ ਸਿੰਘਾਂ ਵੱਲੋਂ ਇਥੇ ਜਥੇਬੰਦੀ ਦੇ ਸਿੰਘਾਂ ਨਾਲ ਸੰਪਰਕ ਕਰਕੇ ਕਿਹਾ ਕਿ ਤੁਸਾਂ ਲਿਖਦੇ ਹੋ ਕਿ ਅਸੀਂ ਨਿਰਸਵਾਰਥ ਸੱਚ ਨਾਲ ਖੜੇ ਹਾਂ। ਇਸ ਮਾਮਲੇ ਵਿਚ ਤੁਸੀਂ ਕਿਸ ਸੱਚ ਨਾਲ ਖੜੇ ਹੋ? ਪਰ ਫਿਰ ਵੀ ਜਥੇ ਵਲੋਂ ਲੰਗਰ ਵਾਰੇ ਹੁਕਮਨਾਮੇ ਨੂੰ ਮੰਨਣ ਤੋਂ ਆਕੀ ਧਿਰ ਦਾ ਹੀ ਸਾਥ ਦੇ ਕੇ ਜਿਤਾਇਆ ਗਿਆ। ਜਥੇ ਦੇ ਕਿਸੇ ਮੈਂਬਰ ਵੱਲੋਂ ਤਾਂ ਕੀ, ਇਥੋਂ ਜਾਂ ਰਣ ਤੱਤੇ ਚੋਂ ਵੀ ਕਿਸੇ, ਆਪਣਿਆਂ ਵਲੋਂ ਹੀ ਹੋ ਗਈ ਜਾਣੇ ਆਨਜਾਣੇ ਮਾੜੀ ਨੂੰ ਮਾੜੀ ਨਾ ਕਹਿ ਕੇ, ਇਹ ਮਾੜੀ ਮੇਰੇ ਬੱਬਰ ਨਾਮ ਨਾਲ ਅਤੇ ਮੇਰੀ ਜਥੇਬੰਦੀ ਬੱਬਰ ਖਾਲਸਾ ਨਾਲ ਵੀ ਜੋੜ ਦਿੱਤੀ ਗਈ। ਹੁਣ ਮੈਨੂੰ ਬੱਬਰ ਨੂੰ ਲੰਗਰ ਵਾਰੇ ਹੁਕਮਨਾਮੇ ਨੂੰ ਨਾ ਮੰਨਣ ਵਾਲਿਆਂ ਦੇ ਪੱਕੇ ਹਮਾਇਤੀ ਹੋਣਾਂ ਕਰਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਿਰੋਧੀ ਹੋਣ ਦੀ ਵਾਲਿਆਂ ਦੀ ਕਿਤਾਰ ਵਿਚ ਖੜਾ ਕਰ ਦਿੱਤਾ ਗਿਆ। ਮੈਂ ਬੱਬਰ ਦੀ ਕਹਿਣੀ ਅਤੇ ਕਰਨੀ ਉਤੇ ਅੱਤ ਅੰਤਰ ਦੀ ਮੋਹਰ ਲਾ ਦਿੱਤੀ ਗਈ। ਮੈਂ ਬੱਬਰ ਦਾ ਮੂੰਹ ਬੰਦ ਕਰ ਦਿੱਤਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਦੇ ਅਸੂਲ ਦੀ ਖੁਦ ਅਵੱਗਿਆ ਕਰਨ ਵਾਲੇ, ਭਵਿਖ ਵਿਚ ਦੂਜਿਆਂ ਨੂੰ ਇਨਾਂ ਉਤੇ ਪਹਿਰੇ ਲਈ ਦੁਹਾਈ ਨਾਲ ਮਨ ਹੋਰ, ਮੁਖ ਹੋਰ ਨਹੀਂ ਕਰ ਸਕਦੇ। ਪਰ ਮੈਂ ਬੱਬਰ ਦਾ ਮਨ ਹੋਰ, ਮੁਖ ਹੋਰ ਵੀ ਕਰ ਦਿੱਤਾ ਗਿਆ। ਵੇਖੋ ਕਿਵੇਂ: ਪਿਛਲੇ ਸਾਲ ਸ਼ਹੀਦ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਜਿੰਦਾ ਜਾਂ ਸ਼ਹੀਦ ਕਹਿਣ ਵਾਰੇ ਇੰਗਲੈਂਡ ਵਿਚ ਵਿਵਾਦ ਛਿੜਿਆ। ਜਥੇ ਦਾ ਇਕ ਸਿੰਘ ਦਮਦਮੀ ਟਕਸਾਲ ਦੇ ਸਿੰਘਾਂ ਦਾ ਜਬਾਵ ਦੇਂਦੇ ਅਣਗਿਣਤ ਵਾਰ ਅਕਾਲ ਤਖ਼ਤ ਦੀ ਮਰਯਾਦਾ, ਇਸ ਦੀ ਸਰਬਉਚਤਾ -ਹੁਕਮਨਾਮਿਆਂ ਓਤੇ ਪਹਿਰਾ ਹੀ ਪੰਥ ਲਈ ਉਤਮ ਹੋਣ ਦੀਆਂ ਦਲੀਲਾਂ ਦੇ ਰਿਹਾ ਹੈ। ਇਹ ਦਲੀਲਾਂ ਉਹ ਦੇ ਰਿਹਾ ਹੈ ਜਿਸ ਦਾ ਜਥਾ ਅਜੇ ਹੁਣੇ ਹੀ ਖੁਦ ਲੰਗਰ ਵਾਰੇ ਹੁਕਮਨਾਮੇ ਨੂੰ ਨਾ ਮੰਨਣ ਵਾਲਿਆਂ ਦੇ ਪੱਕੇ ਹਮਾਇਤੀ ਹੋਣ ਦੀ ਮਿਸਾਲ ਬਣਿਆਂ ਹੈ। ਹੁਣ ਮੇਰੇ ਬੱਬਰ ਨਾਮ ਨਾਲ ਮਨ ਹੋਰ ਮੁਖ ਹੋਰ ਕਰਨ ਵਾਲਾ, ਆਪ ਚੰਗਾ ਤਿਆਗਕੇ , ਦੂਜਿਆਂ ਨੂੰ ਉਹ ਹੀ ਚੰਗਾ ਕਹਿਕੇ ਕਰਨ ਦੀਆਂ ਸਲਾਹਾਂ ਦੇਣ ਵਾਲਾ ਚਲਾਕ ਹੋਣਾਂ ਵੀ ਜੁੜ ਗਿਆ। ਇਥੇ ਹੀ ਬੱਸ ਨਹੀਂ। ਸੁਣੋਂ ਮੇਰੀ ਰਹੀ ਜਥੇਬੰਦੀ ਦੇ ਮੁਖੀ ਦੇ ਬੋਲ: ਵੇਖੋ ਇਹ ਸਿਖ ਹੀ ਨਹੀਂ ਮੰਨਦੇ ਕੇਸਕੀ ਨੂੰ ਕਕਾਰ, ਕੇਸ ਤਾਂ ਅਕਬਰ ਨੇ ਵੀ ਰੱਖੇ ਹੋਏ ਸਨ। ਇਹ ਬੋਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਿਸ ਰਹਿਤ ਮਰਯਾਦਾ ਜਾਂ ਹੁਕਮਨਾਮੇ ਦੀ ਪਾਲਣਾਂ ਨੇ? ਇਸ ਦਾ ਉਤਰ ਕਹਿਣ ਵਾਲੇ ਹੀ ਜਾਣਦੇ ਹੋ ਸਕਦੇ ਨੇ।

3) ਉਹ, ਜਿਨਾਂ ਨੂੰ ਸ਼ਰੋਮਣੀ ਕਮੇਟੀ ਦੀ ਪ੍ਰਧਾਨ ਜੋ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਲਈ ਵੀ ਜਿਮੇਵਾਰ ਹੈ, ਇਕ ਔਰਤ ਦਾ ਹੋਣਾਂ ਜਾਂ ਪੰਜਾਬ ਦੀ ਮੁਖ ਮੰਤਰੀ ਜਾਂ ਭਾਰਤ ਦੀ ਪ੍ਰਧਾਨ ਮੰਤਰੀ ਇਕ ਔਰਤ ਦਾ ਹੋਣਾਂ ਦੁਖਦਾਈ ਮਹਿਸੂਸ ਨਾ ਹੋਇਆ ਪਰ ਜਦੋਂ ਬੀਬੀਆਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਕੀਰਤਨ ਕਰਨ ਦਾ ਇਰਾਦਾ ਪ੍ਰਗਟਾਇਆ ਤਾਂ ਇਸ ਦਾ ਡਾਢਾ ਦੁਖ ਕਈਆਂ ਹੋਰਾਂ ਵਾਂਗ ਅਖੰਡ ਕੀਰਤਨੀ ਜਥੇ ਨੂੰ ਵੀ ਮਹਿਸੂਸ ਹੋਇਆ। ਇਸ ਵਲੋਂ ਸਿਖ ਬੀਬੀਆਂ ਨੂੰ ਸਿਖ ਮਰਦ ਦੇ ਬਰਾਬਰ ਹੱਕ ਦੇਣ ਦੇ ਖਿਲਾਫ ਵੱਡੀ ਦਲੀਲ ਇਹ ਦੇਕੇ ਖੜ੍ਹਿਆ ਗਿਆ ਕਿ ਗੁਰਬਾਣੀ ਵਿਚ ਪ੍ਰਮਾਤਮਾਂ, ਰੱਬ, ਅਕਾਲ ਪੁਰਖ ਨੂੰ ਨਰ ਹੋਣਾਂ ਭਾਵ ਪੁਰਸ਼ ਲਿਖਿਆ ਗਿਆ ਹੈ, ਉਹ ਵੀ ਨਰ ਭਾਵ ਪੁਰਸ਼ ਹਨ। ਇਸ ਸਾਂਝ ਕਰਕੇ ਨਰ ਅਕਾਲ ਪੁਰਖ ਨੇ ਉਨਾਂ ਨੂੰ ਵੱਧ ਅਤੇ ਵਿਸ਼ੇਸ਼ ਅਧਿਕਾਰ ਦਿੱਤੇ ਹੋਏ ਨੇ। ਇਸ ਲਈ ਪੁਰਖ ਜਨਣੀ ਉਨਾਂ ਬਰਾਬਰ ਅਧਿਕਾਰਾਂ ਦੀ ਰੱਬ ਵਲੋਂ ਮਾਲਕ ਨਹੀਂ ਕੀਤੀ ਹੋਈ। ਦਾਸ ਲਈ ਇਸ ਦਾ ਮਤਲਬ ਅਕਾਲ ਪੁਰਖ ਦੀ ਸਾਜੀ ਸ੍ਰਿਸ਼ਟੀ ਵਿਚੋਂ ਆਪਣੇ ਆਪਨੂੰ ਕੱਢਕੇ, ਅਕਾਲਪੁਰਖ ਦੇ ਬਰਾਬਰ ਖੜ੍ਹਾ ਕਰ ਲੈਣਾਂ ਹੈ। ਪੰਜਾਬ ਇਸੇ ਹੀ ਵਿਸ਼ੇ ਉਤੇ ਹੋ ਰਹੇ ਇਕ ਇਕੱਠ ਵਿਚ ਰੱਖਣ ਲਈ ਕੁਝ ਉਦਮੀ ਸਿੰਘਾਂ ਵੱਲੋਂ ਇਥੇ ਸੰਪਰਕ ਕਰਕੇ ਜਥੇਬੰਦੀ ਬੱਬਰ ਖਾਲਸਾ ਨੂੰ ਆਪਣੇ ਵਿਚਾਰ ਭੇਜਣ ਦੀ ਬੇਨਤੀ ਕੀਤੀ ਗਈ। ਪਰ ਦੋਨਾਂ ਹੀ ਬੱਬਰ ਖਾਲਸਾ ਵੱਲੋਂ ਜਥੇ ਦੇ ਇਨਾਂ ਬੋਲਾਂ ਨੂੰ ਹੀ ਜਥੇਬੰਦੀ ਅਤੇ ਬਾਕੀ ਬੱਬਰਾਂ ਲਈ ਸੱਚ ਕਰੀ ਰੱਖਿਆ ਹੈ।

4) ਕਿਥੇ ਅਖੰਡਕੀਰਤਨੀ ਜਥਾ, ਗੁਰੂ ਦੀ ਨਿੰਦਾ ਨੂੰ ਨਾ ਸੁਣ ਸਕਣ ਵਾਲਾ ਅਤੇ ਕਿਥੇ ਪੰਜਾਬ ਟਾਇਮਜ਼ ਦਾ ਮਾਲਿਕ ਜੋ ਆਪਣੇ ਪੇਪਰ ਵਿਚ ਸ਼ਰਾਬ ਦੀ, ਮਾਸ ਖਾਣ ਦੀ ਮਸ਼ਹੂਰੀ ਦੇ, ਜਾਦੂ ਟੂਣੇ ਧਾਗੇ ਤਵੀਤ, ਕਾਲੇ ਇਲਮ ਆਦਿ ਦੇ ਪ੍ਰਚਾਰ ਲਈ ਇਸ਼ਤਿਆਰ ਛਾਪਣ ਵਾਲਾ। ਪਰ ਫਿਰ ਵੀ ਨਾ ਕਿਸੇ ਜਥੇ ਵਿਚੋਂ ਹੀ, ਨਾ ਦੋ ਬੱਬਰ ਖਾਲਸਾ ਦੇ ਮੁਖੀਆਂ ਵਲੋ ਹੀ ਚਿਤਾਰਨ ਦੇ ਬਾਵਯੂਦ ਵੀ, ਇਸ ਨੂੰ ਇਹ ਮਾੜਾ ਕਰਨ ਤੋਂ ਰੋਕਿਆ, ਨਾ ਕੋਈ ਚਿਤਾਵਨੀ ਹੀ ਦਿੱਤੀ, ਐਸੇ ਮਨਮੁੱਖ ਦਾ ਸਾਥ ਛੱਡ ਦੇਣਾਂ ਤਾਂ ਬੜੀ ਦੂਰ ਰਿਹਾ। ਕਿਉਂ? ਇਸ ਦਾ ਜਬਾਬ ਇਥੇ ਮੁਖੀ ਖੁਦ ਹੀ ਇਨਾਂ ਸ਼ਬਦਾਂ ਨਾਲ ਦੇ ਰਹੇ ਨੇ: ਕਿ ਸੁਣਿਆਂ ਹੈ ਫਲਾਣੇ ਦੀ ਔਰਤ ਨਾਲ, ਭਾਵੇਂ ਕਿਤੇ ਬੈਠੀ ਹੋਵੇ, ਇਕ ਭੂਤ ਆਕੇ ਸੰਭੋਗ ਕਰ ਜਾਂਦਾ ਹੈ। ਇਹ ਹੀ ਅੱਗੇ ਫੈਲਾਣਾਂ ਸ਼ੁਰੂ ਕਰ ਦਿੱਤਾ ਜਾਵੇ। ਹੁਣ ਮੈਂ ਬੱਬਰ ਦੇ ਨਾਮ ਨਾਲ ਜਾਦੂ ਟੂਣੇ ਧਾਗੇ ਤਵੀਤ, ਕਾਲੇ ਇਲਮ ਵਿਚ ਵਿਸ਼ਵਾਸ ਰੱਖਣ ਵਾਲਅਤੇ ਮਾਇਆ ਲਈ ਇਸ ਮਾੜੇ ਦਾ ਪ੍ਰਚਾਰ ਕਰਨ ਵਾਲਿਆਂ ਦਾ ਸੰਗੀ ਸਾਥੀ ਹੋਣ ਵਾਲਾ ਵੀ ਜੋੜ ਦਿੱਤਾ ਗਿਆ ਅਤੇ ਮੈਂ ਬੱਬਰ ਅੰਦਰੋਂ ਅਜਿਹੀਆਂ ਘਿਨਾਉਣੀਆਂ ਅਫਵਾਹਾਂ ਫਲਾਉਣ ਵਾਲਾ ਬੇਗੈਰਤ ਇਨਸਾਨ ਵੀ ਕਰ ਦਿੱਤਾ ਗਿਆ।

5) ਜਥੇ ਦੇ ਮੈਂਬਰ ਪੰਜਾਬ ਟਾਇਮਜ਼ ਦੇ ਮਾਲਕ ਵਲੋਂ ਭਾਰਤ ਜਾਣਾਂ ਸ਼ੁਰੂ ਕਰ ਦਿੱਤਾ ਗਿਆ, ਇਹ ਮੰਨਕੇ ਕਿ ਉਹ ਆਪ ਖਾਲਿਸਤਾਨ ਦੀ ਮੰਗ ਤੋਂ ਭਜਦਾ ਹੈ ਅਤੇ ਆਪਣੇ ਪੇਪਰ ਵਿਚ ਵੱਖਰੇ ਦੇਸ਼ ਖਾਲਿਸਤਾਨ ਦੀ ਮੰਗ ਦਾ ਪ੍ਰਚਾਰ ਵੀ ਨਹੀ ਕਰੇਗਾ ਸਗੋਂ ਇਸ ਦੇ ਖਿਲਾਫ ਖੜ੍ਹੇਗਾ। ਆਪਣੇ ਐਡੀਟੋਰੀਅਲ ਵਿਚ ਜੂਨ ਚੌਰਾਸੀ ਦੇ ਸ਼ਹੀਦਾਂ ਵੱਲੋਂ ਆਪਣੇ ਆਜਾਦ ਵਤਨ ਦੀ ਧਰੀ ਨੀਹ ਨੂੰ ਮੂਲੋਂ ਹੀ ਵਿਸਾਰਕੇ ਆਪਣੇ ਐਡੀਟੋਰੀਅਲ ਵਿਚ ਪੰਜਾਬੀਆਂ ਦੀ ਮੰਗ ਵੱਧ ਅਧਿਕਾਰਾਂ ਦੀ ਹੀ ਹਮਾਇਤ ਦਾ ਐਲਾਨ ਕਰ ਰਿਹਾ ਹੈ।

ਹੂਬਹੂ ਸ਼ਬਦ "ਇਥੇ ਪੂਰਣ ਰੁਪ ਵਿਚ ਸੰਘੀ ਪ੍ਰਣਾਲੀ ਅਪਨਾਉਣੀ ਚਾਹੀਦੀ ਹੈ ਜਿਸ ਨਾਲ ਸਾਰੇ ਰਾਜਾਂ ਨੂੰ ਆਪਣਾਂ ਪ੍ਰਬੰਧ ਖੁਦ ਕਰਨ ਦੇ ਅਖਿਤਿਆਰ ਹਾਸਲ ਹੋਣ। ਉਨਾਂ ਨੂੰ ਅਪਣੇ ਹਰ ਫੈਸਲੇ ਲਈ ਕੇਂਦਰ ਉਤੇ ਨਿਰਭਰ ਨਾ ਹੋਣਾਂ ਪਵੇ। ਇਹੀ ਮੰਗ ਕਸ਼ਮੀਰੀ ਅਤੇ ਇਹ ਹੀ ਪੰਜਾਬੀ ਉਠਾਉਂਦੇ ਆ ਰਹੇ ਨੇ।" ਇਸੇ ਅੰਕ ਵਿਚ ਭਾਈ ਸਿਮਰਨਜੀਤ ਸਿੰਘ ਮਾਨ ਦੀ ਇੰਟਰਵਿਓ ਵੀ ਹੈ, ਜਿਸ ਵਿਚ ਉਹ ਦੋ ਤਬਕਿਆਂ ਵਿਚਕਾਰ ਅਮਨ ਦਾ ਰਾਹ, ਕੌਮ ਦੇ ਅਜਾਦ ਦੇਸ਼ ਦੀ ਸਥਾਪਤੀ ਦਸਦੇ ਨੇ। ਆਪਣੀ ਜਥੇਬੰਦੀ ਨੂੰ ਲਿਖਤੀ ਬੇਨਤੀਆਂ ਕਰਕੇ ਸੱਚ ਨੂੰ ਵੇਲੇ ਸਿਰ ਸੁਣਾਇਆ ਗਿਆ। ਪਰ ਜਥੇ ਦੇ ਕਿਸੇ ਮੈਂਬਰ ਵੱਲੋਂ ਤਾਂ ਕੀ, ਇਥੋਂ ਜਾਂ ਰਣ ਤੱਤੇ ਚੋਂ ਵੀ ਕਿਸੇ ਨੇ, ਇਸ ਆਪਣੇ ਵਲੋਂ ਹੀ ਹੋ ਗਏ ਜਾਣੇ ਅਨਜਾਨੇ ਮਾੜੇ ਨੂੰ ਮਾੜਾ ਨਾ ਕਿਹਾ ਸਗੋਂ ਇਸ ਮਾੜੇ ਨੂੰ ਹੀ ਉਤਮ ਅਤੇ ਅੱਬਲ ਕਰੀ ਰੱਖਿਆ। ਹੁਣ ਮੈਂ ਬੱਬਰ, ਮੇਰੀ ਜਥੇਬੰਦੀ ਬੱਬਰ ਖਾਲਸਾ ਜਰਮਨੀ ਨਾਲ, ਪੰਥ ਲਈ ਵੱਧ ਅਧਿਕਾਰਾਂ ਤੱਕ ਹੀ ਸੀਮਤ ਹੋਣ ਵਾਲਿਆਂ ਦੀ ਵੀ ਮੋਹਰ ਲਾ ਦਿੱਤੀ ਗਈ ਅਤੇ ਹੁਣ ਤੱਕ ਲੱਗੀ ਹੋਈ ਹੈ। ਇਸ ਮੋਹਰ ਨੂੰ ਮਿਟਾਣ ਲਈ, ਸਿਖ ਕੌਮ ਦੀ ਕਿਸਮਤ ਦਾ ਫੈਸਲਾ ਵੱਧ ਅਧਿਕਾਰ ਦੱਸਣ ਵਾਲੇ ਦੀ ਨਖੇਧੀ ਜਾਂ ਸਬੰਧ ਤੋੜ ਲੈਣ ਦੀ ਧਮਕੀ ਤਾਂ ਕੀ, ਮਨਮਤਿ ਦੇ ਪ੍ਰਚਾਰ ਨੂੰ ਰੁਕਵਾਣ ਲਈ ਕੋਈ ਚਾਰਾ ਤਾਂ ਕੀ ਸਗੋਂ ਇਕ ਸਿਖ ਦੇ ਪ੍ਰਧਾਨ ਮੰਤਰੀ ਬਣਨ ਮਗਰੋਂ ਇਸ ਦੇ ਪੇਪਰ ਵਿਚ, ਰਣ ਤੱਤੇ ਚੋਂ ਮੁਖੀ ਦੇ ਬਿਆਨ ਛਪਣੇ ਸ਼ੁਰੂ ਹੋ ਗਏ ਅਤੇ ਮੈਨੂੰ ਬੱਬਰ ਅਤੇ ਮੇਰੀ ਜਥੇਬੰਦੀ ਨੂੰ ਇਸੇ ਦੇ ਪੱਕੇ ਹਮੈਤੀ ਹੋਣ ਦੀ ਲੱਗੀ ਮੋਹਰ ਸਿਖਰ ਤੱਕ ਪੱਕੀ ਕਰ ਦਿੱਤੀ ਗਈ।

6) ਪੰਥ ਧ੍ਰੋਹੀ ਬਾਦਲ, ਜਿਸ ਵੱਲੋਂ ਠੱਤਰ ਵਸਾਖੀ ਦੇ ਸ਼ਹੀਦ ਸਿੰਘਾਂ ਦੇ ਕਾਤਲ ਗੁਰਬਚਨੇ ਨੂੰ ਸੁਰੱਖਿਅਤ ਦਿੱਲੀ ਪਹੁੰਚਾਇਆ ਸੀ, ਜਥੇ ਦੇ ਡੇਰੇ ਵੋਟਾਂ ਮੰਗਣ ਆਉਦਾ ਹੈ ਅਤੇ ਇਹ ਉਸ ਨੂੰ ਆਪਣੇ ਵਲੋਂ ਹਰ ਮੱਦਦ ਦਾ ਭਰੋਸਾ ਹੀ ਨਹੀਂ ਦੇਂਦੇ ਸਗੋਂ ਆਪਣੇ ਹਮੈਤੀਆਂ ਨੂੰ ਵੀ ਇਸ ਦੁਸ਼ਟ ਦੀ ਹਮਾਇਤ ਦੀਆਂ ਅਪੀਲਾਂ ਕਰ ਰਹੇ ਹਨ। ਜਿਨਾਂ ਵੱਲੋਂ ਇਹ ਹੋ ਰਿਹਾ ਹੈ ਉਨਾਂ ਵਿਚੋਂ ਜਾਂ ਦੋਹਾਂ ਹੀ ਬੱਬਰ ਖਾਲਸਾ ਦੇ ਮੁਖੀਆਂ ਵਿਚੋਂ ਕੋਈ ਨਾ ਨਿਤਰ ਸਕਿਆ ਦੁਸ਼ਟ ਨਾਲ ਹੀ ਪਾ ਲਈ ਸਾਂਝ ਨੂੰ ਮਾੜਾ ਕਹਿਕੇ ਨਿੰਦਣ ਵਾਲਾ।

ਇਹ ਸੀ ਮੇਰੇ ਆਪਣਿਆਂ ਵਲੋਂ ਹੀ ਧਰਮ ਨਾਲੋਂ ਧੜਾ ਪਿਆਰਾ ਕਰਨ ਦੀ ਸਿਖਰ ਕਰਦਿਆਂ, ਮੇਰੇ ਬੱਬਰ ਨਾਮ ਨਾਲ, ਮੇਰੀ ਇਥੇ ਜਥੇਬੰਦੀ ਬੱਬਰ ਖਾਲਸਾ ਦੇ ਨਾਮ ਨਾਲ, ਬਾਦਲ ਦਲੀਆਂ ਦੇ ਹਮੈਤੀ ਹੋਣਾਂ ਜੋੜਕੇ, ਪੱਥਰ ਚਟਾ ਦੇਣਾਂ ਅਤੇ ਵਾਹਿਗੁਰੂ ਵਲੋਂ ਅਸਤੀਫੇ ਦੁਆਰਾ 'ਸਤਿਗੁਰ ਸਾਹਿਬ ਛਡਿਕੈ ਮਨਮੁਖ ਹੋਇ ਬੰਦੇ ਦਾ ਬੰਦਾ', ਹੋਣ ਤੋਂ ਇਸ ਆਤਮਾਂ ਨੂੰ ਬਚਾ ਲੈਣਾਂ। ਇਸ ਦੇ ਨਾਲ ਹੀ ਵਾਹਿਗੁਰੂ ਵਲੋਂ ਦਾਸ ਨੂੰ ਸਰੀਰਕ ਅਤੇ ਮਾਨਸਿਕ ਪੱਖੋਂ ਅਸਮਰੱਥ ਕਰਕੇ, ਮੁਖੀ ਦੇ ਇਨਾਂ ਬੋਲਾਂ ਦੀ ਪਾਲਣਾਂ ਵੀ ਕਰਵਾ ਦੇਣੀਂ ਜੋ ਸਤੰਬਰ 2002 ਵਿਚ, ਜਰਮਨੀ ਦੇ ਹੀ ਸ਼ਹਿਰ ਐਡਸਟਾਇਨ ਵਿਖੇ, ਜਥੇਬੰਦੀ ਨੂੰ ਸਰਕਾਰੀ ਤੌਰ ਤੇ ਮਿਲੀ ਸਰਪ੍ਰਸਤੀ ਹੇਠ, ਜਰਮਨ ਵਸਦੇ ਸਿੱਖਾਂ ਦੀ ਤਰਫੋਂ ਗੁਰੂ ਅਸਰੇ ਬਹੁਤ ਸੋਹਣਾਂ ਪ੍ਰੋਗਰਾਮ ਨਿਭ ਜਾਣ ਮਗਰੋਂ ਕਹੇ ਗਏ ਸਨ: ਕਿ ਬਿਧੀ ਸਿੰਘ ਜਥੇਬੰਦੀ ਦਾ ਕੋਈ ਅਜਿਹਾ ਕੰਮ ਨਹੀਂ ਕਰਨਾਂ।

ਹੁਣ ਆਈਏ ਉਸ ਅਸਲ ਵਿਸ਼ੇ ਉਤੇ ਜਿਸ ਦਾ ਇਸ ਲਿਖਤ ਨਾਲ ਅਸਲ ਸਬੰਧ ਹੈ। ਦਾਸ ਵਲੋਂ ਆਪ ਸਭ ਅੱਗੇ ਇਹ ਸਵਾਲ ਕਿ ਕੀ ਜਥੇਬੰਦੀ ਆਪਣੇ ਆਜਾਦ ਵਤਨ ਖਾਲਿਸਤਾਨ ਦੀ ਮੰਗ ਉਤੇ ਖੜੀ ਵੀ ਹੈ, ਇਸ ਦਾ ਮੁਖੀ ਵਲੋਂ ਜਬਾਵ ਕਿ ਹਾਂ ਅਸੀਂ ਖੜੇ ਹਾਂ ਅਤੇ ਅਤੇ ਇਹ ਕਿ ਅੱਜ ਬਿਧੀ ਸਿੰਘ ਨੂੰ ਸਾਡੇ ਉਤੇ ਸ਼ੱਕ ਹੋ ਗਈ ਹੈ।

ਬਾਕੀ ਹੋਰ ਤੋਂ ਸਿਵਾ ਪਹਿਲੇ ਉਪਰ ਛੇ ਨੰਬਰਾਂ ਵਿਚੋ ਅੰਤਲੇ 5 ਅਤੇ 6 ਵਿਚ 'ਹੋਏ ਦਾ ਸੱਚ' ਕੀ ਖਾਲਿਸਤਾਨ ਦੀ ਮੰਗ ਉਤੇ ਦਿ੍ੜਤਾ ਨਾਲ ਪਹਿਰਾ ਦੇਂਦੇ ਕੀਤਾ ਸੰਘਰਸ਼ ਹੈ ਜਾਂ ਇਸ ਦੇ ਉਲਟ ਕੁਝ ਹੋਰ ?

ਜਥੇਬੰਦੀ ਦੀ ਪਾਲਸੀ ਪੰਜਾਬ ਵਿਚ ਜੋ ਖਾਲਿਸਤਾਨ ਦੀ ਹਮਾਇਤ ਕਰਦਾ, ਉਸ ਨੂੰ ਹੱਲਾਸ਼ੇਰੀ ਦੇਣੀਂ ਸੀ। ਹੋਰ ਵੀ ਚੰਗੀ ਤਰਾਂ ਨਿਰਤਨ ਲਈ ਜੇ ਕੋਈ ਸੁਝਾ ਸੀ, ਉਹ ਦੇਣਾਂ ਸੀ। ਜਿਹੜਾ ਇਸ ਦੀ ਵਿਰੋਧਤਾ ਕਰਦਾ ਸੀ ਉਸ ਨੂੰ ਦਲੀਲ ਨਾਲ ਪੁਛਣਾਂ ਸੀ ਕਿ ਉਹ ਕਿਸ ਗੁਰਮਤਿ ਦੇ ਅਸੂਲ ਉਤੇ ਖਾਲਸੇ ਦੇ ਆਜਾਦ ਵਤਨ ਦਾ ਵਿਰੋਧ ਕਰਦਾ ਹੈ? ਮੁਖੀ ਵੱਲੋਂ ਸੰਨ 2002 ਵਿਚ ਚਾਰ ਕੁ ਮਹੀਨੇ ਮਗਰੋਂ ਮੁੜ ਜਥੇਬੰਦੀ ਦੀ ਵਾਗਡੋਰ ਸੰਭਾਲਣ ਤੋਂ ਲੈਕੇ, ਦਾਸ ਦੇ ਅਸਤੀਫੇ ਤੱਕ ਅਜਿਹੇ ਤਿੰਨ ਮੌਕੇ ਆਏ ਅਤੇ ਲਿਖਤੀ ਤਿਆਰ ਕਰਕੇ ਮੁਖੀ ਅਗੇ ਰੱਖਿਆ ਗਿਆ। ਤਿੰਨ ਵਾਰ ਹੀ ਰੱਦ ਕਰ ਦਿੱਤਾ ਗਿਆ। ਇਹ ਰੱਦ ਕਰਨਾਂ ਕੀ ਖਾਲਿਸਤਾਨ ਦੀ ਮੰਗ ਉਤੇ ਦਿ੍ੜਤਾ ਨਾਲ ਸੰਘਰਸ਼ ਕਰਦੇ ਹੋਣਾਂ ਹੈ, ਕਰਦੇ ਰਹਿਣਾਂ ਹੈ ਜਾਂ ਇਸ ਦੇ ਉਲਟ ਕੁਝ ਹੋਰ?

ਪਿਛਲਾ ਵਰ੍ਹਾ ਇਤਿਹਾਸਕ ਸੀ। ਇਸ ਵਰ੍ਹੇ ਕੁਝ ਇਤਿਹਾਸਕ ਕਹਿ ਸਕਣ ਲਈ ਇਕ ਦਸਤਾਵੇਜ਼ ਮੁਖੀ ਅੱਗੇ ਰੱਖਿਆ ਗਿਆ। ਇਸ ਵਿਚ ਪੰਥ ਦੀ ਮੁਕਤੀ ਦਾ ਰਾਹ, ਪਾਤਸ਼ਾਹੀ ਲਈ ਖਾਲਸਾ ਰਾਜ ਅਤੇ ਖਾਲਸਾ ਰਾਜ ਲਈ ਖਾਲਸੇ ਦੇ ਆਜਾਦ ਵਤਨ ਨੂੰ ਪ੍ਰਾਪਤ ਕਰਨਾਂ ਹੀ ਦਰਸਾਇਆ ਹੋਇਆ ਸੀ। ਇਸ ਨੂੰ ਮੂਲੋਂ ਹੀ ਰੱਦ ਕਰਨਾਂ, ਖਾਲਿਸਤਾਨ ਦੀ ਮੰਗ ਉਤੇ ਦਿ੍ੜਤਾ ਨਾਲ ਸੰਘਰਸ਼ ਦਾ ਬਿਗਲ ਬਜਾਉਣਾਂ ਸੀ ਜਾਂ ਇਸ ਦੇ ਉਲਟ ਹੋਰ ਕੁਝ?

ਇਥੇ ਤਿੰਨ ਮੁਜਾਹਰੇ ਸਨ। ਜਿਨਾਂ ਵਿਚ ਵੰਡੇ ਪੇਪਰਾਂ ਵਿਚ ਆਪਣੇ ਆਜਾਦ ਘਰ ਲਈ ਅਤਿ ਦਿ੍ੜਤਾ ਨੂੰ ਪ੍ਰਗਟਾਇਆ ਜਾਂਦਾ ਸੀ। ਇਨਾਂ ਵਿਚ ਭਾਗ ਲੈਣੋਂ ਮੁਖੀ ਵਲੋ ਹੀ ਹਟ ਜਾਣਾਂ, ਮੀਤ ਪ੍ਰਧਾਨ ਵਲੋਂ ਇਨਾਂ ਵਿਚ ਟਾਵਾਂ ਹੀ ਭਾਗ ਲੈਣਾਂ ਅਤੇ ਜਨਰਲ ਸਕੱਤਰ ਦਾ ਪਹਿਲੋਂ ਹੀ ਬੜੀ ਦੇਰੋਂ ਇਨਾਂ ਵਿਚ ਸ਼ਾਮਿਲ ਹੋਣੋਂ ਹਟੇ ਹੋਣਾਂ, ਕੀ ਖਾਲਿਸਤਾਨ ਦੀ ਮੰਗ ਉਤੇ ਦਿ੍ੜਤਾ ਨਾਲ ਸੰਘਰਸ਼ ਕਰਨ ਦਾ ਦੁਸ਼ਮਣ ਅੱਗੇ ਵਿਖਾਵਾ ਸੀ, ਹੈ ਜਾਂ ਇਸ ਦੇ ਉਲਟ ਕੁਝ ਹੋਰ?

ਬਿਅੰਤੇ ਦੁਸ਼ਟ ਨੂੰ ਸੋਧਾ ਲਾਉਣ ਵਾਲੇ ਸਿੰਘਾਂ ਅਤੇ ਉਨਾਂ ਦੇ ਸਾਥੀਆਂ ਨੂੰ ਦੁਸ਼ਮਣ ਦੀਆਂ ਜੇਲਾਂ ਵੀ ਕਿਸੇ ਨੂੰ ਇਹ ਕਹਿਣੋਂ ਨਾਂ ਰੋਕ ਸਕੀਆਂ ਕਿ ਉਨਾਂ ਦਾ ਸੰਘਰਸ਼ ਕੌਮ ਦੇ ਆਜ਼ਾਦ ਘਰ ਦੀ ਪ੍ਰਾਪਤੀ ਲਈ ਹੈ ਅਤੇ ਨਾ ਹੀ ਇਹ ਲੱਲਕਾਰੇ ਅਤੇ ਨਾਹਰੇ ਮਾਰਨੋ ਕਿ ਉਨਾਂ ਦਾ ਦੇਸ਼ ਖਾਲਿਸਤਾਨ ਹੈ। ਪਰ ਬਾਹਰ ਬੈਠੀ ਰਾਜਨੀਤਕ ਤੌਰ ਤੇ ਸੰਘਰਸ਼ ਕਰ ਰਹੀ ਮੇਰੀ ਆਪਣੀ ਜਥੇਬੰਦੀ ਦੇ ਮੁਖੀ ਦਾ ਆਪਣੇ ਵੱਲੋਂ ਹੀ ਕੋਈ ਬਿਆਨ (ਨਵੇਂ ਸਿਰਿਓਂ ਜ਼ਿਮੇਵਾਰੀ ਨੂੰ ਸੰਭਾਲਣ ਤੋਂ ਲੈਕੇ ਦਾਸ ਦੇ ਅਸਤੀਫੇ ਤੱਕੇ) ਜਿਸ ਤੋਂ ਖਾਲਿਸਤਾਨ ਦੀ ਦ੍ਰਿੜਤਾ ਅਤੇ ਇਸ ਲਈ ਸੰਘਰਸ਼ ਦੇ ਲਿਸ਼ਕਾਰੇ ਪੈਂਦੇ ਹੋਣ, ਜਿਸ ਨੂੰ ਦਾਸ ਭੁੱਲ ਗਿਆ ਹੋਵੇ? ਜੇ ਨਹੀਂ ਹੈ ਤਾਂ ਇਹ ਖਾਲਿਸਤਾਨ ਦੀ ਮੰਗ ਉਤੇ ਦਿ੍ੜਤਾ ਨਾਲ ਖੜੇ ਹੋਣ ਦਾ ਅਤੇ ਸੰਘਰਸ਼ ਕਰਨ ਦਾ ਸੰਕੇਤ ਹੈ ਜਾਂ ਇਸ ਦੇ ਉਲਟ ਹੋਰ ਕੁਝ?

ਤਕਰੀਬਨ ਚਾਰ ਮਹੀਨੇ ਬਾਅਧ ਜਥੇਬੰਦੀ ਦੇ ਮੁਖੀ ਵਜੋਂ ਦੋਬਾਰਾ ਸੇਵਾ ਸੰਭਾਲਣ ਮਗਰੋਂ ਜਥੇਦਾਰ ਜੀ ਨੂੰ ਅਤੇ ਆਪ ਸਮੂਹ ਨੂੰ ਲਿਖੇ ਇਕ ਖਤ ਦੀ ਕਾਪੀ ਇਕ ਵਾਰ ਫਿਰ ਆਪਜੀ ਦੀ ਯਾਦ ਤਾਜਾ ਲਈ ਨਾਲ ਨੱਥੀ ਕੀਤੀ ਗਈ ਹੈ। ਇਸ ਖਤ ਵਿਚ ਹੋਰ ਤੋਂ ਸਿਵਾ ਦਾਸ ਨੇ ਇਸ ਵਾਰੇ ਲਿਖਤੀ ਤੌਰ ਤੇ ਬੇਨਤੀ ਕਰਕੇ ਜਾਨਣਾਂ ਚਾਹਿਆ ਸੀ ਜੋ ਮੁਖੀ ਵੱਲੋਂ ਕਿਹਾ ਗਿਆ ਸੀ ਕਿ ਖਾਲਿਸਤਾਨ ਦੀ ਮੰਗ ਸਾਡੇ ਮੂੰਹ ਵਿਚ ਪੁਆਈ ਗਈ ਸੀ ਅਤੇ ਇਹ ਮੰਗ ਸਾਡੇ ਮੂੰਹਾਂ ਵਿਚ ਪੁਆਣ ਵਾਲੇ ਘਰੀਂ ਵੀ ਜਾ ਬੈਠੇ ਨੇ। ਸਵਾਲ ਸਨ ਕਿ ਕੀ ਖਾਲਸੇ ਦੀ ਮੁਕਤੀ ਉਸ ਦਾ ਆਪਣਾਂ ਆਜਾਦ ਘਰ ਹੈ ਜਾਂ ਮੰਨੂੰਵਾਦੀ ਜਰਵਾਣੇ ਦਿੱਲੀ ਤਖਤ ਦੀ ਅਧੀਨਗੀ ਵਿਚ ਅਤੇ ਜੇ ਖਾਲਿਸਤਾਨ ਦੇ ਬੋਲ ਆਪਾਂ ਦੇ ਮੂੰਹ ਕਿਸੇ ਵਲੋਂ ਪੁਆ ਵੀ ਦਿੱਤੇ ਨੇ, ਤਾਂ ਵੀ ਕੀ ਇਨਾਂ ਨੂੰ ਜਥੇਬੰਦੀ ਵੱਲੋਂ ਕੌਮ ਦੀ ਮੰਜਿਲ ਜਾਣਦਿਆਂ ਸਵਿਕਾਰ ਕਰ ਵੀ ਲਿਆ ਹੈ?

ਇਸ ਖਤ ਦਾ ਜਬਾਵ ਗੁਰੂ ਘਰ ਕੋਲਨ ਹੋਈ ਇਕ ਮੀਟਿੰਗ ਵਿਚ ਬੈਠਿਆਂ ਤੁਸਾਂ ਵਿਚੋਂ ਵੀ ਕਈਆਂ ਨੇ ਸੁਣ ਹੀ ਲਿਆਂ ਸੀ। ਇਹ ਜਬਾਵ ਸੀ: ਅਸੀਂ ਜਿਥੇ ਖੜ੍ਹੇ ਹਾਂ ਉਥੇ ਹੀ ਖੜ੍ਹੇ ਰਹਿਣਾਂ ਹੈ, ਸਾਨੂੰ ਕੋਈ ਨਹੀ ਬਦਲ ਸਕਦਾ, ਤਲਵਿੰਦਰ ਸਿੰਘ ਨੇ ਵੀ ਬਦਲਣ ਦੀ ਕੋਸ਼ਿਸ਼ ਕੀਤੀ ਸੀ, ਸਫਲ ਉਹ ਵੀ ਨਹੀਂ ਹੋਇਆ ਸੀ। ਕੀ ਦਾਸ ਵਲੋ ਪੁੱਛੇ ਦਾ ਜਬਾਵ ਇਹ ਸੀ? ਇਹ ਜਬਾਬ ਕਿਉਂ ਸੀ: ਦਾਸ ਵਲੋਂ ਆਪਣੀ ਹੀ ਜਥੇਬੰਦੀ ਜਾਂ ਇਸੇ ਦੇ ਦੂਜੇ ਰੂਪ ਅਖੰਡ ਕੀਰਤਨੀ ਜਥੇ ਦੇ ਮੁਖਾਰਬਿੰਦ ਤੋਂ ਜਾਂ ਲਿਖਤਾਂ ਤੋਂ ਇਹ ਬਹੁਤ ਵਾਰ ਸੁਣਿਆਂ ਅਤੇ ਪੜ੍ਹਿਆ ਸੀ ਕਿ ਇਹ ਹੀ ਸ੍ਰੀ ਅਕਾਲ ਤਖਤ ਸਾਹਿਬ ਦੀ ਮਰਯਾਦਾ

ਜਾਂ ਹੁਕਮਨਾਮਾਂ ਹੈ ਕਿ ਕੋਈ ਰਾਗ ਮਾਲਾ ਪੜੇ ਜਾਂ ਨਾ ਪੜ੍ਹੇ। ਇਸ ਕਰਕੇ ਦਾਸ ਵਲੋਂ ਰਾਗਮਾਲਾ ਦੇ ਵਿਸ਼ੇ ਉਤੇ ਕੋਈ ਧਿਰ ਲੈਣ ਲਈ ਵਿਚਾਰ ਸ਼ੁਰੂ ਕਰਨ ਦਾ ਸਵਾਲ ਹੀ ਪੈਂਦਾ ਨਹੀਂ ਹੁੰਦਾ ਸੀ ਅਤੇ ਇਸ ਵਿਸ਼ੇ ਉਤੇ ਮੁਖੀ ਵਲੋਂ ਵੀ ਕਦੇ ਕੋਈ ਗਲ ਨਾ ਛੇੜੀ ਗਈ ਜਿਸ ਕਰਕੇ ਸ਼ਲਾਘਾ ਦੇ ਪਾਤਰ ਹਨ। ਪਰ ਇਕ ਦਿਨ ਜਦ ਜਥੇ ਨਾਲ ਸਬੰਧਤ ਕਿਸੇ ਸਿੰਘ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬਿਨਾਂ ਰਾਗਮਾਲਾ ਦੇ ਛਪਵਾਣ ਦੀ ਕੋਸ਼ਿਸ਼ ਹੋਈ ਤਾਂ ਦਾਸ ਵਲੋਂ ਕਹਿ ਹੋ ਗਿਆ ਸੀ ਕਿ ਦਾਸ ਦਮਦਮੀ ਟਕਸਾਲ ਨੂੰ ਸੂਚਿਤ ਕਰ ਰਿਹਾ ਹੈ ਕਿ ਇਸ ਨਾਲ ਦਾਸ ਦਾ ਕੋਈ ਸਬੰਧ ਨਹੀਂ ਅਤੇ ਮੁਖੀ ਦਾ ਜਬਾਵ ਸੀ ਕਿ ਅਸੀਂ ਖੁਦ ਹੀ ਅਖਬਾਰਾਂ ਵਿਚ ਦੇ ਦੇਦੇ ਹਾਂ ਕਿ ਤੇਰੇ ਨਾਲ ਸਾਡਾ ਕੋਈ ਸਬੰਧ ਨਹੀ। ਕਈ ਵਰ੍ਹੇ ਪਹਿਲਾਂ ਹੋਈ ਨੂੰ ਨਾ ਭੁੱਲਦੇ, ਉਸ ਵਲ ਨੂੰ ਗੁੱਝਾ ਸੰਕੇਤ ਦੇਕੇ ਇਹ ਤਾਂ ਕਹਿ ਰਹੇ ਨੇ ਕਿ ਉਨਾਂ ਨੂੰ ਕੋਈ ਬਦਲ ਨਹੀਂ ਸਕਦਾ। ਪਰ ਜਿਸ ਖਤ ਦੇ ਜਬਾਵ ਵਿਚ ਇਹ ਕਹਿ ਰਹੇ ਨੇ ਉਸ ਵਿਚ ਜੋ ਜਰੂਰੀ ਜਾਨਣਾਂ ਚਾਹਿਆ ਸੀ ਉਸ ਨੂੰ ਵਿਸਾਰ ਰਹੇ ਨੇ ਅਤੇ ਅਸਤੀਫੇ ਤੱਕ ਵਿਸਾਰੀ ਰੱਖਿਆ। ਅਸਤੀਫੇ ਮਗਰੋਂ ਜਦ ਇਸੇ ਵਿਸਾਰੀ ਰੱਖੇ ਨੂੰ ਸੱਥ ਵਿਚ ਪੁੱਛ ਹੋ ਜਾਣ ਦਾ ਸਬੱਬ ਬਣ ਗਿਆ ਤਾਂ ਕਹਿ ਦਿੱਤਾ ਕਿ ਹਾਂ ਅਸੀਂ ਖਾਲਿਸਤਾਨ ਦੀ ਮੰਗ ਦੇ ਮੂੰਹ ਵਿਚ ਪੁਆਏ ਬੋਲ ਸਵਿਕਾਰੇ ਹੋਏ ਨੇ। ਕੀ ਇਹ ਹੀ ਜਬਾਵ ਦਾਸ ਨੂੰ ਦੋ ਸਾਲ ਤੋਂ ਵੀ ਕਿਤੇ ਵੱਧ ਸਮੇ ਵਿਚ ਵੀ ਆਪਣੀ ਹੀ ਮਰਜੀ ਤੇ ਨਾ ਦੇਣਾਂ ਅਤੇ ਆਪਣੇ ਹੀ ਬੋਲਾਂ ਕਿ ਖਾਲਿਸਤਾਨ ਦੀ ਮੰਗ ਸਾਡੇ ਮੂੰਹ ਵਿਚ ਪੁਆਈ ਗਈ ਸੀ ਅਤੇ ਇਹ ਮੰਗ ਸਾਡੇ ਮੂੰਹਾਂ ਵਿਚ ਪੁਆਣ ਵਾਲੇ ਘਰੀਂ ਵੀ ਜਾ ਬੈਠੇ ਨੇ, ਨੂੰ ਇਸ ਦਾਸ ਬੱਬਰ ਲਈ ਉਤਮ ਅਤੇ ਅੱਬਲ ਕਰੀ ਰੱਖਣਾਂ, ਕੀ ਖਾਲਿਸਤਾਨ ਦੀ ਮੰਗ ਉਤੇ ਦ੍ਰਿੜਤਾ ਨਾਲ ਖੜੇ ਹੋਣ ਦਾ ਅਤੇ ਸੰਘਰਸ਼ ਕਰਨ ਦਾ ਕੋਈ ਸੰਕੇਤ, ਇਸ਼ਾਰਾ, ਉਦਮ, ਉਪਰਾਲਾ ਸੀ ਜਾਂ ਇਸ ਦੇ ਉਲਟ ਹੋਰ ਕੁਝ?

ਜੋ ਸੱਚ ਜਥੇਬੰਦੀ ਦੇ ਮੁਖੀ ਵੱਲੋਂ ਆਪਣੇ ਦੋ ਸਾਲਾਂ ਦੇ ਬਿਵਹਾਰ ਨਾਲ, ਵਰਤਾਵੇ ਨਾਲ ਦਾਸ ਅੱਗੇ ਰੱਖਿਆ, ਜਿਸ ਦਾ ਇਸ ਖਤ ਵਿਚ ਜ਼ਿਕਰ ਕਰ ਹੀ ਦਿੱਤਾ ਹੈ, ਕੀ ਭਰਦਾ ਹੈ ਸ਼ਾਹਦੀ ਇਸ ਉਤਰ ਦੀ ਕਿ ਹਾਂ ਅਸੀਂ ਖੜੇ ਹਾਂ ਖਾਲਿਸਤਾਨ ਦੀ ਮੰਗ ਉਤੇ ਅਤੇ ਕਿ ਅੱਜ ਬਿਧੀ ਸਿੰਘ ਨੂੰ ਸਾਡੇ ਉਤੇ ਸ਼ੱਕ ਹੋ ਗਈ ਹੈ?

ਦਾਸ ਦੀ ਜਾਚੇ ਸ਼ੱਕ ਦਾ ਨਹੋਰਾ, ਤਾਹਨਾਂ, ਮੇਹਣਾਂ ਜਥੇਬੰਦੀ ਦੇ ਮੁਖੀ, ਜਿਵੇਂ ਉਹ ਦਸ ਵੀ ਚੁੱਕੇ ਨੇ, ਭੁਲਣ ਦੇ ਬੀਮਾਰ ਹੋਣ ਕਰਕੇ ਹੀ ਉਲਟਾ ਦਾਸ ਨੂੰ ਮਾਰਕੇ ਗਏ ਨੇ। ਨਹੀਂ ਤੇ ਸ਼ਹੀਦਾਂ ਦੇ ਨਾਮ ਉਤੇ ਉਸਰੀ ਅਤੇ ਸਥਾਪਤ ਹੋਈ ਜਥੇਬੰਦੀ ਬੱਬਰ ਖਾਲਸਾ ਦੇ ਮਹਾਨ ਸੇਵਾ ਵਾਲੇ ਇਸ ਗੁਰਸਿਖ ਮੁਖੀ ਦਾ ਜਬਾਬ ਗੁਰੂ ਘਰ ਜੁੜੀ ਸੱਥ ਵਿਚ ਕੋਈ ਹੋਰ ਹੁੰਦਾ। ਜੇ ਅਜਿਹਾ ਨਹੀ ਤਾਂ ਦਾਸ ਦੀ ਨਜ਼ਰੇ, ਵਾਹਿਗੁਰੂ ਵਲੋ ਇਸ ਮੁਖੀ ਦੀ ਹੁਣ ਤੱਕ ਦੀ ਮਹਾਨ ਸੇਵਾ ਨੂੰ ਹੀ ਅਜਾਈਂ ਕਰ ਦੇਣ ਲਈ, ਇਸ ਕੋਲੋਂ ਚੰਗਿਆਈਆਂ ਨੂੰ ਖੋਹਣਾਂ ਸ਼ੁਰੂ ਕੀਤਾ ਹੋਇਆ ਹੈ।

9.10.2004 ਨੂੰ ਹੋਈ ਮੀਟਿੰਗ ਵਿਚ ਹਾਜਰ ਸਿੰਘੋ, ਦਾਸ ਨੂੰ ਇਹ ਲਿਖਣ ਦਾ ਚਾਅ ਨਹੀਂ ਸੀ। ਪਰ ਇਸ ਦਾ ਲਿਖ ਹੋਣਾਂ ਹੀ ਵਾਹਿਗੁਰੂ ਨੂੰ ਮਨਜ਼ੂਰ ਸੀ ਅਤੇ ਇਹ ਲਿਖ ਹੋਇਆ ਆਪਜੀ ਅੱਗੇ ਰੱਖਕੇ ਸੁਰਖਰੂ ਹੋ ਰਿਹਾ ਹਾਂ। ਇਸ ਬਿਧ ਵਾਹਿਗੁਰੂ ਉਨਾਂ ਸਿੰਘਾਂ ਦੇ ਪੁਛੇ ਦਾ ਕਿ 'ਜਥੇਬੰਦੀ ਵਲੋਂ ਹੁਣ ਤੱਕ ਕਰਨੋਂ ਕੀ ਰਹਿ ਗਿਆ ਹੈ' ਅਸਿੱਧੇ ਤੌਰ ਤੇ ਇਹ ਲਿਖਤੀ ਜਬਾਬ ਵੀ ਦੁਆ ਗਏ ਨੇ ਅਤੇ ਮੈਂ ਬੱਬਰ ਨੂੰ ਆਪਣੇ ਗਿਰਵਾਨ ਵਿਚ ਨੀਵਾਂ ਹੋ ਵੇਖਦੇ ਜੋ ਦਿਸਿਆ, ਉਸ ਨੂੰ ਅੰਕਤ ਵੀ ਕਰਵਾ ਗਏ ਨੇ।

ਨਵੇਂ ਜੁਗ ਵਿਚ, ਜਿਥੇ ਅੱਜ ਭਾਵੇਂ ਥੋੜੇ ਹੀ ਸਹੀ ਪਰ ਗੁਰੂ ਦੇ ਸਿਖ, ਅਧਿਅਤਮਕ ਪੱਖੋਂ ਅਤੇ ਸਿਖੀ ਕਿਰਦਾਰ ਪੱਖੋਂ ਬਲਵਾਨ ਹੋ ਰਹੇ ਨੇ। ਪੰਥ ਦੀ ਚੜ੍ਹਦੀ ਕਲਾ ਲਈ ਮੇਰੀ ਰਹੀ 'ਬੱਬਰ ਖਾਲਸਾ ਇੰਟਰਨੈਸ਼ਨਲ ਨੂੰ ਕੀ ਕਰਨਾ ਚਾਹੀਦਾ ਹੈ' ਦਾ ਜਬਾਵ ਤੁਸੀ ਆਪਜੀ ਹੀ ਜਾਣਦੇ ਜਾਂ ਨਾ ਜਾਣਦੇ, ਹੋ ਸਕਦੇ ਹੋ।

ਜੂਨ ਚੌਰਾਸੀ ਦੇ ਸ੍ਰੀ ਹਰਿਮੰਦਰ ਸਾਹਿਬ ਉਤੇ ਧਾਵੇ ਨਾਲ ਆਪਣੇ ਧਰਮ ਅਤੇ ਕੌਮ ਦੀ ਰਾਖੀ ਲਈ, ਗੁਰੂ ਵੱਲੋਂ ਆਪਣੇ ਦਰ ਦੇ ਹੀ ਇਸ ਕੂਕਰ ਸ਼ਰਧਾਲੂ ਨੂੰ ਬਖਸ਼ੀ ਕਲਮ ਦਾ ਧਰਮ: ਨਿਰਸਵਾਰਥ, ਨਿਰਵੈਰ, ਨਿਰਭਾਓ, ਬੇਲਿਹਾਜ ਅਤੇ ਅਡੋਲ ਹੋ ਜਿਥੇ ਸਰਬੱਤ ਦੇ ਭਲੇ ਲਈ ਧੁਰੋਂ ਆਜਾਦ ਖਾਲਸੇ ਦੇ ਆਜਾਦ ਘਰ ਦੀ ਪ੍ਰਾਪਤੀ ਦਾ ਹੋਕਾ ਦੇਣਾਂ, ਆਪਣੇ ਨਾਨਕ ਦਰ ਦੇ ਮਾਣ, ਤਾਣ ਅਤੇ ਗੌਰਵ ਗੁਰਸਿਖ ਖਾਲਸੇ ਦੀ ਚਾਪਲੂਸੀ ਲਈ, ਵਡਿਆਈ ਲਈ, ਸਤਿਕਾਰ ਲਈ ਸਿਰ ਨਿਵਾਣਾਂ ਅਤੇ ਆਪਣੇ ਇਸ ਨਾਨਕ ਦਰ ਦੇ ਜਾਣੇ ਅਨਜਾਣੇ ਹੋਏ ਜਾਂ ਹੋ ਰਹੇ ਕਿਸੇ ਦੋਖੀ ਨੂੰ ਹੀ ਭੌਂਕਣਾਂ ਹੈ। ਫਿਰ ਵੀ ਜੇ ਦਾਸ ਇਸ ਲਿਖਤ ਵਿਚ ਅਣਜਾਣੇ ਕੋਈ ਗਲਤ ਲਿਖ ਗਿਆ ਹੋਵੇ ਤਾਂ ਲਿਖਤੀ ਅਹਿਸਾਸ ਕਰਵਾਣ ਉਤੇ ਮੁਆਫੀ ਦਾ ਜਾਚਿਕ ਵੀ ਹੋਵਾਂਗਾ ਅਤੇ ਮੁੜ ਉਸੇ ਗਲਤੀ ਨੂੰ ਭਵਿਖ ਵਿਚ ਨਾ ਕਰਕੇ, ਆਪਣੇ ਆਪਨੂੰ ਚੰਗੇ ਪਾਸੇ ਵੱਲ ਬਦਲ ਵੀ ਰਿਹਾ ਹੋਵਾਂਗਾ।

ਗੁਰੂ ਨੇ ਇਸ ਜਥੇਬੰਦੀ ਨਾਲ ਸੇਵਾ ਦਾ ਸਬੱਬ ਬਣਾਇਅ ਸੀ ਇਸ ਲੋਹੇ ਨੂੰ ਪਾਰਸ ਨਾਲ ਮਿਲਾਕੇ ਸੋਨਾਂ ਕਰ ਦੇਣ ਲਈ, ਨਾ ਕਿ ਇਸ ਲੋਹੇ ਦੇ ਆਪਣੇ ਗੁਣ ਵੀ ਜੰਗਾਲ ਲੁਆਕੇ ਇਕ ਦਿਨ ਪੂਰੀ ਤਰਾਂ ਖਤਮ ਕਰ ਕਰ ਦੇਣ ਲਈ।

ਦਾਸ ਦੇ ਲਈ ਸਿਖ ਹੋਣਾਂ, ਰਹਿਤ ਮਰਯਾਦਾ ਵਿਚ ਦਰਜ ਚਾਰ ਬੱਜਰ ਕੁਰਿਹਤਾਂ ਤੋਂ ਬਚਣ ਦੇ ਨਾਲ ਨਾਲ, ਆਪਣੇ ਗੁਰੂ ਦੀ ਪੂਰੀ ਹੀ ਬਾਣੀ ਵਿਚ ਦਰਜ ਉਪਦੇਸ਼ਾਂ ਅਤੇ ਹਦਾਇਤਾਂ ਤੇ ਪਹਿਰਾ ਦੇਣਾਂ ਹੈ ਅਤੇ ਹਰ ਮਾੜੇ ਕਹੇ ਨੂੰ ਤਿਆਗਣਾਂ ਹੈ। ਅੰਤ ਉਤੇ ਦਾਸ ਆਪ ਸਾਹਵੇਂ, ਪੰਥ ਸਾਹਵੇਂ, ਸਿਖ ਸੰਗਤਾਂ ਸਾਹਵੇ, ਉਹ ਮਾੜਾ ਜੋ ਦੂਜਿਆਂ ਦੀ ਕਰਨੀ ਕਰਕੇ, ਦਾਸ ਦੇ ਅਸਤੀਫੇ 23.08.2004 ਤੱਕ, ਦਾਸ ਦੇ ਨਾਮ ਬਿੱਧੀ ਸਿੰਘ ਬੱਬਰ ਨਾਲ ਜੁੜ ਗਿਆ, ਜਿਸ ਦਾ ਇਸ ਲਿਖਤ ਵਿਚ ਜ਼ਿਕਰ ਹੈ ਹੀ, ਨਾਲ ਕਿਸੇ ਤਰਾਂ ਦਾ ਵੀ ਦਾਸ ਦਾ ਸਬੰਧ ਨਾ ਹੋਣਾਂ, ਐਲਾਨਦਾ ਹੈ। ਕਿਉਕਿ ਵਾਹਿਗੁਰੂ ਨੇ ਪਹਿਲੋਂ ਹੀ ਜਥੇਬੰਦੀ ਨੂੰ ਜਾਗਣ ਲਈ ਵੇਲੇ ਸਿਰ ਨਜ਼ਰ ਆਇਆ ਸੱਚ ਸੁਣਾਕੇ, ਇਸ ਆਤਮਾਂ ਨੂੰ ਕਿਸੇ ਭਾਰ ਤੋਂ ਸੁਰਖਰੂ ਕਰੀ ਰੱਖਿਆ ਹੈ।

ਗੁਰੂ ਪੰਥ ਦਾ ਦਾਸ: ਐਨ. ਕਮਲ-ਫੇਹਰਨਬੱਖ ਉਰਫ ਬਿਧੀ ਸਿੰਘ ਬੱਬਰ
**Schöne Aussicht 74a, 65760 Eschborn .**
Tel.: 06173 67103, Fax: 06173 640321, E-Mail: ef-nk@t-online.de
ਪ੍ਰਕਾਸ਼ਤ: ਦੀ ਸਿਖ ਟਾਇਮਜ਼-7, 14 ਦਸੰਬਰ 2006 ਸਫਾ 49

## ਕਹਾਉਣ ਅਖੰਡ ਕੀਰਤਨੀ ਜਥਾ ਤੇ ਲਾਉਣ ਸਾਲਾਂ ਬੱਧੀ ਆਪਣੀ ਅਖਬਾਰ ਵਿਚ ਮਾਇਆ ਲਈ ਧਾਗੇ ਤਵੀਤਾਂ, ਟੂਣੇ ਮਟਾਣੇ, ਕਾਲੇ ਇਲਮ ਤੇ ਸੁਆਦੀ ਮਾਸ ਦੇ ਇਸ਼ਤਿਹਾਰ

ਪ੍ਰਮ ਸਤਿਕਾਰਯੋਗ ਸੰਪਾਦਕ ਸਿਖ ਟਾਇਮਜ਼ ਭਾਈ ਜਸਪਾਲ ਸਿੰਘ ਬੈਂਸ ਜੀਓ,
ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।
ਵੀਰ ਜੀਓ, ਆਪਜੀ ਦੇ ਪੇਪਰ ਸਿਖ ਟਾਇਮਜ਼ ਵਾਰੇ, ਸਿਖ ਟਾਇਮਜ਼ ਵਿਚ ਪਹਿਲੋਂ ਹੀ ਪ੍ਰਕਾਸ਼ਤ ਹੋ ਚੁੱਕੇ ਆਪਣੇ ਇਨਾਂ ਹਰਫਾਂ ਨੂੰ ਇਕ ਵਾਰ ਫਿਰ ਦੁਹਰਾਂਦਾ ਹਾਂ:

**ਇੰਗਲੈਂਡ ਤੋਂ ਸਿਖ ਟਾਇਮਜ਼ ਦੀ ਪ੍ਰਕਾਸ਼ਨਾ, ਸਿਖ ਸੰਗਤਾਂ ਲਈ ਅਤੇ ਸਿਖ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ ਪ੍ਰਾਣੀਆਂ ਲਈ ਇਨਾਂ ਦੋ ਮਹਾਨ ਕਾਰਣਾਂ ਕਰਕੇ ਅਸੀਮ ਖੁਸ਼ੀ ਦੀ ਗੱਲ ਹੈ:**

**1) ਸਿਖ ਟਾਇਮਜ਼ ਕਿਸੇ ਧੜੇ ਦਾ ਹੋਣ ਦੀ ਬਜਾਏ ਸਿਖ ਧਰਮ ਦਾ ਪ੍ਰਚਾਰ ਇਕ ਨਿਰਸਵਾਰਥ ਆਜਾਦ ਸੰਸਥਾ ਦੇ ਰੂਪ ਵਿਚ ਅੰਗਰੇਜੀ ਅਤੇ ਪੰਜਾਬੀ ਵਿਚ ਬੇਖੌਫ ਅਤੇ ਅਡੋਲਤਾ ਨਾਲ ਕਰ ਰਿਹਾ ਹੈ।**

**2) ਇਸ ਵਿਚ ਅਪਣੇ ਗੁਰੂ ਉਪਦੇਸ਼ ਦੇ ਉਲਟ, ਮਾਇਆ ਲਈ ਧਾਗੇ ਤਵੀਤਾਂ, ਟੂਣੇ ਮਟਾਣੇ, ਕਾਲੇ ਇਲਮ ਅਦਿ ਬਿਪਰਨ ਰੀਤ ਦਾ ਪ੍ਰਚਾਰ ਨਹੀ ਹੈ।**

ਦਾਸ ਇੰਗਲੈਂਡ ਦੀਆਂ ਜਾਗਰਤ ਉਨਾਂ ਸਭ ਜਥੇਬੰਦੀਆਂ ਦਾ, ਉਨਾਂ ਸਭ ਗੁਰੂਘਰਾ ਦੀਆਂ ਪ੍ਰਬੰਧਕ ਕਮੇਟੀਆਂ ਦਾ, ਉਨਾਂ ਗੁਰੂ ਦੇ ਸਭ ਸਿੰਘਾਂ ਦਾ ਅਤੇ ਸਿਖ ਸੰਗਤਾਂ ਦਾ ਅਤੀ ਧੰਨਵਾਦ ਕਰਦਾ ਹੈ ਜਿਨਾਂ ਨੇ, ਉਨਾਂ ਸਿਖ ਨਾਮ ਧਰਾਣ ਅਤੇ ਇਥੋਂ ਤੱਕ ਕਿ ਅਮ੍ਰਿਤਧਾਰੀ ਹੋਣ ਵਾਲਿਆਂ, ਪਰ ਆਪਣੇ ਅਖਬਾਰਾਂ ਵਿਚ ਆਪਣੇ ਹੀ ਗੁਰੂ ਉਪਦੇਸ਼ਾਂ ਦੇ ਉਲਟ ਧਾਗੇ ਤਵੀਤਾਂ, ਟੂਣੇ ਮਟਾਣਿਆਂ ਅਤੇ ਕਾਲੇ ਇਲਮ ਦੇ ਇਸ਼ਤਿਹਾਰਾਂ ਦੁਆਰਾ ਮਾਇਆ ਨਾਲ ਆਪਣੇ ਹੱਥਾਂ ਨੂੰ ਅਤੇ ਸਿਖੀ ਕਿਰਦਾਰ ਨੂੰ ਭ੍ਰਸ਼ਿਟ ਕਰਨ ਅਤੇ ਇੰਜ ਰੱਜਕੇ ਸਿਖ ਧਰਮ ਦੀ ਤੌਹੀਨ ਕਰਦੇ ਆ ਰਿਹਾਂ ਦੇ ਖਿਲਾਫ ਜਹਾਦ ਛੇੜਿਆ ਹੈ।

ਗੁਰੂ ਪਿਆਰੇ ਸੰਪਾਦਕ ਜੀ, ਆਪਜੀ ਵੱਲੋਂ ਇਸੇ ਹੀ ਵਿਸ਼ੇ ਉਤੇ ਨਾਅ ਲੈਕੇ, ਇਨਾਂ ਦੋਹਾਂ ਪੁਰੇਵਾਲਾਂ ਦੇ ਰੋਲ ਉਤੇ ਲਿਖੀ ਦਲੇਰਰਾਨਾਂ ਸੰਪਾਦਕੀ ਲਈ ਆਪਜੀ ਦਾ ਅਤੇ ਇਕ ਉਦਮੀ ਸਿਖ ਦਾ ਵੀ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਸ ਵੱਲੋਂ ਆਪਜੀ ਦੇ ਪੇਪਰ ਵਿਚ ਇਕ ਪੁਰੇਵਾਲ ਦੀ ਸਾਥੀ ਸੰਸਥਾ, ਇੰਗਲੈਂਡ ਦੇ ਅਖੰਡ ਕੀਰਤਨੀ ਜਥੇ ਦੇ ਵਰਤਮਾਨ ਮੁਖੀ ਦਾ ਨਾਮ ਲੈਕੇ, ਉਨਾਂ ਦੀ ਸੰਸਥਾ ਦੇ ਹੁਣ ਤੱਕ ਦੇ ਰਹੇ ਦੋਗਲਾਪਨ ਆਚਰਣ ਵੱਲ ਨਿਰਭੈਅ ਹੋ ਇਸ਼ਾਰਾ ਕੀਤਾ ਹੈ।

ਖਾਲਸਾ ਜੀ, ਧਾਗੇ ਤਵੀਤਾਂ, ਟੂਣੇ ਮਟਾਣਿਆਂ ਅਤੇ ਕਾਲੇ ਇਲਮ ਦੇ ਇਸ਼ਤਿਹਾਰਾਂ ਦੁਆਰਾ ਗੰਦੀ ਮਾਇਆ ਨਾਲ ਆਪਣੇ ਹੱਥਾਂ ਨੂੰ ਭ੍ਰਸ਼ਿਟ ਕਰਨ ਵਾਲਿਆਂ ਦੇ ਖਿਲਾਫ ਵਿੱਡੇ ਇਸ ਜਹਾਦ ਵਿਚ ਅੱਜ ਭਾਵੇਂ ਇਹ ਕੁਝ ਕਰਨ ਵਾਲਾ ਪੁਰੇਵਾਲ ਅਤੇ ਇਹ ਹੀ ਕੁਝ ਜਿਸ ਜਥੇ ਦੀ ਬੁਕਲ ਵਿਚ ਬਹਿਕੇ ਇਹ ਕਰਦਾ ਰਿਹਾ, ਉਹ ਜਥਾ ਵੀ ਤੁਸਾਂ ਦੇ ਨਾਲ ਆ ਖੜ੍ਹਿਆ ਹੈ, ਪਰ ਆਪਜੀ ਦੇ ਧੰਨਵਾਦ ਲਈ ਲਿਖ ਹੋਏ ਇਨਾਂ ਸ਼ਬਦਾਂ ਵਿਚ, ਇਨਾਂ ਦੋਹਾਂ ਦਾ ਨਾਅ ਸ਼ਾਮਲ ਨਾਂ ਹੋਣਾਂ, ਉਚੇਚੇ ਤੌਰ ਤੇ ਸਪਸ਼ਟ ਕਰਦਾ ਹਾਂ। ਆਪਣੇ ਉਰਫ ਨਾਅ ਨਾਲ ਲੱਗੇ ਸਤਿਕਾਰ ਭਰੇ ਲਫਜ਼ 'ਬੱਬਰ' ਕਰਕੇ ਅਤੇ ਇਸੇ ਬੱਬਰ ਜਥੇਬੰਦੀ ਵਿਚ

ਸੇਵਾਦਾਰ ਹੋਣ ਕਰਕੇ, ਆਪਣੇ ਅਸਤੀਫੇ 23 ਅਗਸਤ 2004 ਤੱਕ, ਇਹ ਉਹ ਹੀ ਹਨ, ਜਿਨਾਂ ਦੀਆਂ ਕਠੋਰ ਆਤਮਾਵਾਂ, ਇਨਾਂ ਵੱਲੋਂ ਹੋ ਰਹੇ ਇਸ ਮਾੜੇ ਨੂੰ, ਦਾਸ ਵੱਲੋਂ ਵਾਰ ਵਾਰ ਚਿਤਾਰਨ ਦੇ ਬਾਵਯੂਦ ਵੀ ਨਾਂ ਪਸੀਜੀਆਂ। ਸਗੋਂ ਇਨਾਂ ਵੱਲੋਂ 'ਸਿਖ' ਨਾਮ ਨੂੰ, ਅਖੰਡ ਕੀਰਤਨੀ ਜਥੇ ਦੇ ਨਾਮ ਨੂੰ ਅਤੇ 'ਬੱਬਰ' ਨਾਮ ਨੂੰ ਸ਼ਰਮਸ਼ਾਰ ਅਤੇ ਕਲੰਕਤ ਕਰਨ ਵਿਚ ਕੋਈ ਕਸਰ ਬਾਕੀ ਨਾਂ ਛੱਡੀ ਅਤੇ ਆਪਣੇ ਵਾਰੇ ਗੁਰਬਾਣੀ ਦੇ ਇਨਾਂ ਪਵਿਤਰ ਬੋਲਾਂ ਨੂੰ ਹੀ ਸੱਚ ਕਰੀ ਰੱਖਿਆ:
ਆਪਸ ਕਉ ਦੀਰਘੁ ਕਰਿ ਜਾਨੈ ਅਉਰਨ ਕਉ ਲਗ ਮਾਤ ॥

ਮਨਸਾ ਬਾਚਾ ਕਰਮਨਾ ਮੈ ਦੇਖੇ ਦੋਜਕ ਜਾਤ ॥੨॥ ਗੁਰੂਬਾਣੀ ਪੰਨਾਂ 1105

ਹਾਂ, ਆਪਣੇ ਸਭ ਸਮਰੱਥ ਸਿਰਜਣਹਾਰ ਅਕਾਲ ਪੁਰਖ ਦਾ ਅਸੀਮ, ਅਲੇਖ ਸ਼ੁਕਰਾਨ ਜਰੂਰ ਕਰਦਾ ਹਾਂ ਜਿਸ ਵੱਲੋਂ ਦਾਸ ਦੇ ਅਸਤੀਫੇ ਮਗਰੋਂ 23 ਫਰਵਰੀ 2005 ਨੂੰ ਆਪਣੇ ਹੁਕਮੀਂ 'ਸ਼ੱਕ ਜਾਂ ਸੱਚ' ਨਾਂ ਦੀ ਇਕ ਲਿਖਤ ਦੁਆਰਾ, ਆਪਣੇ ਦਰ ਦੇ ਇਸ ਕੂਕਰ ਤੋਂ ਅੱਜ ਦੇ ਇਸ ਵਿਸ਼ੇ ਉਤੇ ਭੌਂਕਾਇਆ ਅਜਾਈਂ ਨਹੀਂ ਜਾਣ ਦਿੱਤਾ। ਸਗੋਂ ਇਨਾਂ ਦੀਆਂ ਕਠੋਰ ਆਤਮਾਵਾਂ ਨੂੰ ਪਿਘਲਾਕੇ, ਇਨਾਂ ਨੂੰ ਧਾਗੇ ਤਵੀਤਾਂ, ਟੂਣੇ ਮਟਾਣੇ ਅਤੇ ਕਾਲੇ ਇਲਮ ਦੇ ਮਨਮਤੀ ਪਰਚਾਰ ਦੇ ਖਿਲਾਫ ਖੜਾਇਆ ਹੈ।
ਸੰਪਾਦਕ ਜੀ ਇਸ ਖੁੱਲੇ ਖਤ ਦੇ ਮੁਖ ਵਿਸ਼ੇ ਉਤੇ ਹੀ ਨਹੀਂ ਸਗੋਂ ਦਾਸ ਦੇ ਜਥੇਬੰਦਕ ਤੌਰ ਤੇ ਸੇਵਾ ਤੋਂ ਅਸਤੀਫੇ ਤੱਕ ਦੇ ਸਮੇਂ ਨੂੰ ਗੁਰੂ ਮਹਾਰਾਜ ਵਲੋਂ ਇਸ ਪ੍ਰਾਣੀ ਦਾ ਗਿਰਵਾਨ ਅਤੇ ਇਸ 'ਸ਼ੱਕ ਜਾਂ ਸੱਚ' ਨਾਂ ਦੀ ਲਿਖਤ ਨੂੰ ਇਸ ਗਿਰਵਾਨ ਵਿਚ ਸਿਰ ਨੀਵਾਂ ਕਰ ਮਾਰੀ ਝਾਤੀ ਕੀਤਾ ਹੈ, ਜਿਸ ਨੂੰ ਸਿਖ ਟਾਇਮਜ਼ ਦੁਆਰਾ ਸਿਖ ਸੰਗਤਾਂ ਦੀ ਜਾਣਕਾਰੀ ਲਈ ਇਸ ਖੁੱਲੇ ਖਤ ਦੇ ਨਾਲ ਭੇਜਿਆ ਗਿਆ ਹੈ।
ਖਾਲਸਾ ਜੀ ਜਿਵੇਂ ਆਪਜੀ ਵਲੋਂ ਆਰ ਐਸ ਐਸ ਦੇ ਲੁਕਵੇਂ ਏਜੰਟ ਰੁਲਦੇ ਦੀਆਂ ਸਿਖ ਪੰਥ ਨੂੰ ਮੰਨੂੰਵਾਦੀ ਬਿਪਰਣ ਤਖਤ ਦੇ ਗੁਲਾਮ ਕਰੀ ਰੱਖਣ ਵਾਲੀਆਂ ਕਰਤੂਤਾਂ ਨੂੰ ਜੱਗ ਜਾਹਰ ਕਰਕੇ ਹੋਏ ਇਸ ਨੂੰ ਸਿਖ ਸੰਗਤਾਂ ਤੋਂ ਅਲੱਗ ਕੀਤਾ ਹੈ ਇਵੇਂ ਹੀ ਗੁਰੂ ਹੁਕਮਾਂ ਦੇ ਉਲਟ, ਮੰਨੂੰਵਾਦੀ ਬਿਪਰਣ ਨੂੰ ਸ਼ਰੇਆਮ ਗਲਵੱਕੜੀ ਪਾਈ ਬੈਠੇ ਦੁਸ਼ਟ ਬਾਦਲਕਿਆਂ ਨੂੰ ਵੀ ਵਦੇਸ਼ ਵਿਚ ਕਿਸੇ ਤਰਾਂ ਵੀ ਮੂੰਹ ਨਾ ਲਾਉਣ ਦੀ ਦਾਸ ਆਪਜੀ ਨੂੰ ਬੇਨਤੀ ਕਰਦਾ ਹੈ। ਇਨਾਂ ਵੱਲੋਂ ਅੱਜ ਦੂਜੀ ਵਾਰ ਗੁਰੂ ਦੇ ਸਿਖ ਸੇਵਕਾਂ ਭਾਈ ਸਿਮਰਨ ਜੀਤ ਸਿੰਘ ਮਾਨ, ਭਾਈ ਦਲਜੀਤ ਸਿੰਘ ਬਿੱਟੂ ਅਤੇ ਉਨਾਂ ਦੇ ਸਾਥੀ ਸਿੰਘਾਂ ਉਤੇ ਕਾਤਲਾਨਾਂ ਹਮਲੇ ਨਾਲ, ਵਸਾਖੀ 1978 ਤੋਂ ਲੈਕੇ ਹੁਣ ਤੱਕ ਸਿਖ ਧਰਮ ਨਾਲ, ਸਿਖ ਕੌਮ ਨਾਲ ਕੀਤੇ ਜਾ ਰਹੇ ਧ੍ਰੋਹਾਂ ਦੀ ਸਿਖਰ ਕੀਤੀ ਹੈ।
ਖਾਲਸਾ ਪੰਥ ਦੀ ਹਮੇਸ਼ਾਂ ਚੜ੍ਹਦੀ ਕਲਾ ਦੀ ਕਾਮਨਾਂ ਸਹਿਤ,
ਇਕੋ ਇਕ ਸਤਿਗੁਰੂ ਬਾਬੇ ਨਾਨਕ ਦੇ ਦਰ ਦਾ
ਐਨ ਕਮਲ- ਫ਼ੇਹਰਨਬੱਖ ਉਰਫ
ਬਿਧੀ ਸਿੰਘ ਬੱਬਰ ਜਰਮਨੀ
ਪ੍ਰਕਾਸ਼ਤ: ਦੀ ਸਿਖ ਟਾਇਮਜ਼-23 ਨਵੰਬਰ 2006 ਸਫਾ 37

ਨੋਟ: ਜਥੇਬੰਦੀ ਵਿਚ ਸੇਵਾ ਦਰਮਿਆਨ ਜਥੇਬੰਦੀ ਦੀ ਧਿਆਨ ਇਸ ਮਾੜੇ ਕੁਕਰਮ ਵੱਲ ਲਿਖਤੀ ਤੋਰ ਤੇ ਦਾਸ ਵਲੋਂ ਦਵਾਇਆ ਗਿਆ ਸੀ। ਪਰ ਜਬਾਨੀ ਬੜਾ ਉਚੀ ਜਬਾਬ ਮਿਲਿਆ ਸੀ ਕਿ ਸਾਨੂੰ ਤਲਵਿੰਦਰ ਸਿੰਘ ਵੀ ਬਦਲਣ ਦੀਆਂ ਕੋਸ਼ਿਸ਼ਾਂ ਕਰਦਾ ਰਿਹਾ ਹੈ। ਪਰ ਅਸੀਂ ਨਹੀਂ ਬਦਲਣਾਂ।
ਕਲਮ- ਗੁਰਸਿਖ ਕਾਫਲਾ
(23.07.2010)